## ਅਧਿਆਇ 9

# ਯਹੂਦੀਆਂ ਦੀ ਫ਼ਤਹਿ ਅਤੇ ਜਸ਼ਨ

ਅਸਤਰ 9 ਅਧਿਆਇ ਵਿਚ ਬਾਦਸ਼ਾਹ ਦੇ ਹੁਕਮ ਦੇ ਪੂਰਾ ਹੋਣ ਦਾ ਦਿਨ ਭਾਵ ''ਬਾਰ੍ਹਵੇਂ ਮਹੀਨੇ'' ਦੀ ''ਤੇਰ੍ਹਵੀਂ ਤਾਰੀਖ'' ਆ ਗਿਆ। ਪੂਰੇ ਰਾਜ ਅਤੇ ਸ਼ੂਸ਼ਨ ਵਿਚ ਯਹੂਦੀਆਂ ਨੂੰ ਆਪਣੇ ਦੁਸ਼ਮਣਾਂ ਉੱਤੇ ਵੱਡੀ ਜਿੱਤ ਹਾਸਿਲ ਹੋਈ, ਅਤੇ ਉਨ੍ਹਾਂ ਨੇ ਆਪਣੇ ਛੁਟਕਾਰੇ ਦਾ ਜਸ਼ਨ ਮਨਾਇਆ। ਅਸਤਰ ਅਤੇ ਮਾਰਦਕਈ ਦੇ ਨਿਰਦੇਸ਼ ਤੇ, ਯਹੂਦੀਆਂ ਦਾ ਜਸ਼ਨ ਪੂਰੀਮ ਦਾ ਪਰਬ ਇਕ ਕੌਮੀ ਪਰਬ ਬਣ ਗਿਆ, ਜਿਸ ਦਾ ਮਨਾਇਆ ਜਾਣਾ ਉਦੋਂ ਤੋਂ ਸ਼ੁਰੂ ਹੋਇਆ। ਇਸ ਫ਼ਤਹਿ ਨੂੰ ਬੇਸ਼ੱਕ ਉਨ੍ਹਾਂ ਵੱਲੋਂ ਰੱਬੀ ਇੰਤਜ਼ਾਮ ਦੇ ਰੂਪ ਵਿਚ ਵੇਖਿਆ ਗਿਆ ਕਿਉਂ ਜੋ ਖ਼ੁਦਾ ਨੇ ਉਨ੍ਹਾਂ ਦੇ ਦੁਸ਼ਮਣਾਂ ਤੋਂ ਬਦਲਾ ਲਿਆ ਸੀ ਅਤੇ ਆਪਣੇ ਲੋਕਾਂ ਨੂੰ ਜਿੱਤ ਦੁਆਈ ਸੀ।[1]

### ਯਹੂਦੀਆਂ ਦੇ ਦੁਸ਼ਮਣਾਂ ਦੀ ਬਰਬਾਦੀ (9:1-10)

**1ਹੁਣ ਬਾਰਵੇਂ ਮਹੀਨੇ ਅਰਥਾਤ ਅਦਾਰ ਮਹੀਨੇ ਦੀ ਤੇਰ੍ਹਵੀਂ ਤਾਰੀਖ ਨੂੰ ਜਦ ਪਾਤਸ਼ਾਹ ਦੀ ਗੱਲ
ਅਤੇ ਹੁਕਮ ਉੱਤੇ ਕੰਮ ਕਰਨ ਦਾ ਵੇਲਾ ਨੇੜੇ ਆਇਆ ਤਾਂ ਯਹੂਦੀਆਂ ਦੇ ਵੈਰੀਆਂ ਨੂੰ ਆਸ਼ਾ ਸੀ
ਭਈ ਓਹ ਓਨ੍ਹਾਂ ਉੱਤੇ ਜ਼ੋਰ ਪਾ ਲੈਣਗੇ ਪਰ ਹੋਇਆ ਇਸ ਦੇ ਉਲਟ ਭਈ ਯਹੂਦੀਆਂ ਨੇ ਆਪਣੇ
ਤੋਂ ਘਿਣ ਕਰਨ ਵਾਲਿਆਂ ਉੱਤੇ ਜ਼ੋਰ ਪਾ ਲਿਆ! 2ਤਾਂ ਅਹਸ਼ਵੇਰੋਸ਼ ਪਾਤਸ਼ਾਹ ਦੇ ਸਾਰੇ ਸੂਬਿਆਂ ਦੇ
ਯਹੂਦੀ ਆਪੋ ਆਪਣਿਆਂ ਸ਼ਹਿਰਾਂ ਵਿਚ ਇਕੱਠੇ ਹੋਏ ਤਾਂ ਜੋ ਉਨ੍ਹਾਂ ਉੱਥੇ ਜਿਹੜੇ ਓਨ੍ਹਾਂ ਦੀ ਬੁਰਿਆਈ
ਭਾਲਿਆ ਕਰਦੇ ਸਨ ਹੱਥ ਚਲਾਉਣ ਅਤੇ ਕੋਈ ਮਨੁੱਖ ਉਨ੍ਹਾਂ ਦੇ ਅੱਗੇ ਖਲੋ ਨਾ ਸੱਕਿਆ ਕਿਉਂਕਿ ਉਨ੍ਹਾਂ
ਦਾ ਭੈ ਸਾਰੀਆਂ ਉੱਮਤਾਂ ਉੱਤੇ ਛਾ ਗਿਆ ਸੀ 3ਅਤੇ ਸੂਬਿਆਂ ਦੇ ਸਾਰੇ ਸਰਦਾਰਾਂ ਅਰ ਮਨਸਬਦਾਰਾਂ
ਅਰ ਨੈਬ-ਮਨਸਬਦਾਰਾਂ ਅਤੇ ਪਾਤਸ਼ਾਹ ਦੇ ਕਰਿੰਦਿਆਂ ਨੇ ਯਹੂਦੀਆਂ ਦੀ ਸਹਾਇਤਾ ਕੀਤੀ ਕਿਉਂ ਜੋ
ਮਾਰਦਕਈ ਦਾ ਭੈ ਉਨ੍ਹਾਂ ਉੱਤੇ ਛਾ ਗਿਆ ਸੀ 4ਮਾਰਦਕਈ ਸ਼ਾਹੀ ਮਹਿਲ ਵਿਚ ਵੱਡਾ ਸੀ ਅਤੇ ਉਹ
ਸਾਰਿਆਂ ਸੂਬਿਆਂ ਵਿਚ ਉੱਘਾ ਹੋ ਗਿਆ ਸੀ ਅਤੇ ਇਹ ਮਨੁੱਖ ਮਾਰਦਕਈ ਤਾਂ ਵਧਦਾ ਹੀ ਚਲਿਆ
ਗਿਆ 5ਅਤੇ ਯਹੂਦੀਆਂ ਨੇ ਆਪਣੇ ਸਾਰੇ ਵੈਰੀਆਂ ਨੂੰ ਤਲਵਾਰ ਦੀ ਹੁੱਜ ਨਾਲ ਘਾਇਲ ਕਰ ਕੇ ਵੱਢ
ਸੁੱਟਿਆ ਅਰ ਮਿਟਾ ਦਿੱਤਾ ਅਤੇ ਆਪਣੇ ਤੋਂ ਘਿਣ ਕਰਨ ਵਾਲਿਆਂ ਨਾਲ ਉਹ ਕੁੱਝ ਕੀਤਾ ਜੋ ਓਹ
ਕਰਨਾ ਚਾਹੁੰਦੇ ਸਨ 6ਸ਼ੂਸ਼ਨ ਦੇ ਮਹਿਲ ਵਿਚ ਯਹੂਦੀਆਂ ਨੇ ਪੰਜ ਸੌ ਮਨੁੱਖਾਂ ਨੂੰ ਵੱਢ ਕੇ ਮਿਟਾ ਦਿੱਤਾ
7ਅਰ ਪਰਸ਼ਨਦਾਥਾ, ਦਿਲਫੋਨ, ਅਸਪਾਥਾ, 8ਪੋਰਾਥਾ, ਅਦਲਯਾ, ਅਰੀਦਾਥਾ, 9ਪਰਮਸ਼ਤਾ,
ਅਰੀਸਈ, ਅਰੀਦਈ, ਅਤੇ ਵੀਜ਼ਾਥਾ 10ਅਰਥਾਤ ਹਮਦਾਥਾ ਦੇ ਪੁੱਤਰ ਹਾਮਾਨ ਦੇ ਇਹ ਦਸੇ ਪੁੱਤਰ
ਜਿਹੜੇ ਯਹੂਦੀਆਂ ਦੇ ਦੂਤੀ ਦੁਸ਼ਮਣ ਸਨ ਵੱਢ ਦਿੱਤੇ ਪਰ ਲੁੱਟ ਦੇ ਮਾਲ ਨੂੰ ਓਨ੍ਹਾਂ ਨੇ ਹੱਥ ਨਾ ਪਾਇਆ।**

ਲੇਖਕ ਨੇ ਯਹੂਦੀਆਂ ਦੀ ਫ਼ਾਰਸੀ ਸਲਤਨਤ ਦੇ ਸਭ ਸੂਬਿਆਂ ਵਿਚ ਆਪਣੇ ਵਿਰੋਧੀਆਂ ਉੱਤੇ ਯਹੂਦੀਆਂ ਦੀ ਜਿੱਤ ਦਾ ਵਰਣਨ ਕਰਕੇ ਉਸ ਭਿਆਨਕ ਦਿਨ ਦੇ ਆਪਣੇ ਵਿਰਤਾਂਤ ਦਾ ਅਰੰਭ ਕੀਤਾ। ਵਿਰਤਾਂਤ ਯਹੂਦੀਆਂ ਦੇ ''ਆਪਣੇ ਤੋਂ ਘਿਣ ਕਰਨ ਵਾਲਿਆਂ'' ਦੇ ਵਿਰੁੱਧ ਸਫ਼ਲਤਾ ਨਾਲ ਬਚਾਅ ਦੀ ਆਮ ਗੱਲ ਨਾਲ ਸ਼ੁਰੂ ਹੋਇਆ (9: 1–5)। ਫਿਰ ਇਹ ਸਪੱਸ਼ਟ ਕਰਦਾ ਹੈ ਕਿ ''ਸ਼ੂਸ਼ਨ

ਦੇ ਮਹਿਲ ਵਿਚ'' ਕੀ ਹੋਇਆ (9:6–10)।

**ਆਇਤ 1.** ਬਾਦਸ਼ਾਹ ਨੇ ਦੋ ਨਾ ਬਦਲ ਸਕਣ ਵਾਲੇ ਹੁਕਮ ਜਾਰੀ ਕੀਤੇ, ਦੋਵੇਂ **ਬਾਰਵੇਂ ਮਹੀਨੇ ਅਰਥਾਤ ਅਧਾਰ ਮਹੀਨੇ ਦੀ ਤੇਰ੍ਹਵੀਂ** ਤਰੀਕ ਜਾਂ ਫਰਵਰੀ/ਮਾਰਚ ਦੀ ਤੇਰਵੀਂ ਤਰੀਕ ਨਾਲ ਸਬੰਧਿਤ ਸਨ। ਪਹਿਲੇ ਹੁਕਮ ਜਿਸ ਨੂੰ ਹਾਮਾਨ ਨੇ ਲਿਖਿਆ ਸੀ, ਵਿਚ ਐਲਾਨ ਸੀ ਕਿ ਉਸ ਦਿਨ ਕੋਈ ਵੀ ਯਹੂਦੀਆਂ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਨਾਸ, ਅਤੇ ਖ਼ਤਮ ਕਰ ਸਕਦਾ ਸੀ (3:12, 13)। ਦੂਜਾ ਹੁਕਮ ਅਸਤਰ ਵੱਲੋਂ ਬਾਦਸ਼ਾਹ ਨੂੰ ਉਸ ਸਭ ਤੋਂ ਜੋ ਕੁਝ ਹੋ ਰਿਹਾ ਸੀ, ਜਾਣੂ ਕਰਵਾਏ ਜਾਣ ਤੋਂ ਬਾਅਦ ਮਾਰਦਕਈ ਵੱਲੋਂ ਦਿੱਤਾ ਗਿਆ ਵਾਧਾ ਸੀ। ਇਸ ਹੁਕਮ ਵਿਚ ਕਿਹਾ ਗਿਆ ਸੀ ਕਿ ਫਲਾਣੇ ਦਿਨ, ਯਹੂਦੀ ਲੋਕ ਉਨ੍ਹਾਂ ਦਾ ਕਤਲ ਕਰਨ ਦੀ ਕੋਸ਼ਿਸ਼ ਕਰਨ ਵਾਲੇ ਦੁਸ਼ਮਣਾਂ ਉੱਤੇ ਹਮਲਾ ਕਰਕੇ ਉਨ੍ਹਾਂ ਦਾ ਨਾਸ ਅਤੇ ਉਨ੍ਹਾਂ ਦਾ ਖਾਤਮਾ ਕਰਕੇ ਬਦਲਾ ਲੈ ਸਕਦੇ ਸਨ (8:11, 12)।

ਜਦ ਉਹ ਦਿਨ ਆ ਗਿਆ, ਤਾਂ **ਪਾਤਸ਼ਾਹ** ਦਾ ਪਹਿਲਾ **ਹੁਕਮ** ਅੰਜਾਮ ਦਿੱਤਾ ਜਾਣ ਵਾਲਾ ਸੀ। ਪਰ, ਦੂਜੇ ਹੁਕਮ ਦੇ ਕਰਕੇ, **ਯਹੂਦੀਆਂ** ਨੇ ਸਫ਼ਲਤਾ ਨਾਲ ਉਨ੍ਹਾਂ ਉੱਤੇ ਜਿਨ੍ਹਾਂ ਨੂੰ **ਆਸ਼ਾ ਸੀ ਭਈ ਓਹ ਓਨ੍ਹਾਂ ਉੱਤੇ ਜ਼ੋਰ ਪਾ ਲੈਣਗੇ**, ਸਫ਼ਲਤਾ ਨਾਲ ਕਾਬੂ ਪਾ ਲਿਆ। ਹਾਲਾਤ **ਇਸ ਦੇ ਉਲਟ** ਹੋ ਗਏ ਕਿਉਂ ਜੋ ਖ਼ੁਦਾ ਦੇ ਲੋਕਾਂ ਨੇ ਕਾਬੂ ਆਉਣ ਦੀ ਬਜਾਇ, **ਆਪਣੇ ਤੋਂ ਘਿਣ ਕਰਨ ਵਾਲਿਆਂ ਉੱਤੇ ਜ਼ੋਰ ਪਾ ਲਿਆ**। NIV ਵਿਚ ਆਇਤ 1 ਦੇ ਦੂਜੇ ਜਿਲਦ ਦਾ ਅਨੁਵਾਦ ਇਉਂ ਕੀਤਾ ਗਿਆ ਹੈ, ''ਇਸ ਦਿਨ ਯਹੂਦੀਆਂ ਦੇ ਵੈਰੀਆਂ ਨੂੰ ਉਨ੍ਹਾਂ ਉੱਤੇ ਕਾਬੂ ਪਾਉਣ ਦੀ ਉਮੀਦ ਸੀ, ਪਰ ਹੁਣ ਹਾਲਾਤ ਬਦਲ ਗਏ ਸਨ ਅਤੇ ਯਹੂਦੀਆਂ ਦਾ ਹੱਥ ਉਨ੍ਹਾਂ ਤੋਂ ਨਫ਼ਰਤ ਕਰਨ ਵਾਲਿਆਂ ਉੱਤੇ ਭਾਰੀ ਪੈ ਗਿਆ।''

**ਆਇਤ 2.** ਯਹੂਦੀਆਂ ਨੂੰ ਜਿੱਤ ਉਦੋਂ ਮਿਲੀ ਜਦੋਂ ਉਹ ਫ਼ਾਰਸੀ ਸਲਤਨਤ ਦੇ ਸਭ **ਸ਼ਹਿਰਾਂ ਵਿਚ ਇਕੱਠੇ ਹੋਏ।** ''ਇਕੱਠੇ ਹੋਏ'' ਸ਼ਬਦ ਇਬਰਾਨੀ ਕਿਰਿਆ ਸ਼ਬਦ *qahal* (*ਕਾਹਾਲ*) ਤੋਂ ਲਿਆ ਗਿਆ ਹੈ ਜਿਸ ਨੂੰ ਕਈ ਵਾਰ ਫ਼ੌਜ ਦੇ ਇਕੱਠਾ ਹੋਣ ਲਈ ਵਰਤਿਆ ਜਾਂਦਾ ਹੈ। ਇਹ ਸੰਕੇਤ ਦਿੰਦਾ ਹੈ ਕਿ **ਯਹੂਦੀ** ਇਕੱਠੇ ਹੋ ਕੇ ਆਪਣੇ ਦੁਸ਼ਮਣਾਂ ਨਾਲ ਲੜੇ। ਮਿਲ ਕੇ ਉਹ **ਉਨ੍ਹਾਂ ਉੱਤੇ ਜਿਹੜੇ ਓਨ੍ਹਾਂ ਦੀ ਬੁਰਿਆਈ ਭਾਲਿਆ ਕਰਦੇ ਸਨ ਹੱਥ ਚਲਾ** ਸਕੇ। ਯਹੂਦੀਆਂ ਵੱਲੋਂ ਸਿਵਾਇ ਉਨ੍ਹਾਂ ਦੇ ਜਿਨ੍ਹਾਂ ਨੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੋਰ ਕਿਸੇ ਦਾ ਨੁਕਸਾਨ ਨਹੀਂ ਕੀਤਾ ਗਿਆ।[2] ਆਪਣੇ ਹਮਲਾਵਰਾਂ ਉੱਤੇ ਖ਼ੁਦਾ ਦੇ ਲੋਕਾਂ ਦੀ ਪੱਕੇ ਇਰਾਦੇ ਨਾਲ ਇਕਜੁਟ ਕਾਰਵਾਹੀ ਐਨੀ ਕਾਮਯਾਬ ਸੀ ਕਿ **ਕੋਈ ਮਨੁੱਖ ਉਨ੍ਹਾਂ ਦੇ ਅੱਗੇ ਖਲੋ ਨਾ ਸਕਿਆ**। ਇਸ ਘਟਨਾ ਨਾਲ ਪੂਰੀ ਸਲਤਨਤ ਤੇ **ਉਨ੍ਹਾਂ ਦਾ ਭੈ ਸਾਰੀਆਂ ਉੱਮਤਾਂ ਉੱਤੇ ਛਾ ਗਿਆ**।

**ਆਇਤ 3. ਯਹੂਦੀਆਂ** ਦੀ ਜਿੱਤ ਦਾ ਕਾਰਣ ਘੱਟੋ–ਘੱਟ ਇਕ ਇਹ ਸੀ ਕਿ ਉਨ੍ਹਾਂ ਨੂੰ ਸੂਬਿਆਂ ਦੇ ਵੱਖੋ–ਵੱਖ ਆਗੂਆਂ ਦੇ ਪੂਰੇ ਰਾਜ ਅਤੇ ਸ਼ਾਹੀ ਅਧਿਕਾਰੀਆਂ ਵੱਲੋਂ **ਸਹਾਇਤਾ** (*naśa'*, ''ਉੱਪਰ ਚੁੱਕਿਆ ਗਿਆ'') ਮਿਲੀ ਸੀ। ਕੁਝ ਟੀਕਾਕਾਰਾਂ ਦਾ ਮੰਨਣਾ ਹੈ ਕਿ ਸੂਬਿਆਂ ਦੇ ਸਰਦਾਰਾਂ ਨੇ ਫ਼ੌਜੀ ਮਦਦ ਦੇ ਕੇ ਯਹੂਦੀਆਂ ਦੀ ਸਹਾਇਤਾ ਕੀਤੀ; ਹੋਰਨਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੇ ਨਿਰੀ ਇਖ਼ਲਾਕੀ ਮਦਦ ਦਿੱਤੀ।[3] ਇਕ ਹੋਰ ਸੰਭਾਵਨਾ ਇਹ ਹੈ ਕਿ ਉਨ੍ਹਾਂ ਨੇ ਯਹੂਦੀ ਫ਼ੌਜਾਂ ਲਈ ਹਥਿਆਰ ਮੁਹੱਈਆ ਕਰਵਾਏ। ਇਨ੍ਹਾਂ ਸਮਰਥਕਾਂ ਨੇ **ਮਾਰਦਕਈ ਦਾ ਭੈਅ** ਜਾਂ ''ਡਰ'' (NIV) ਖਾ ਕੇ ਉਨ੍ਹਾਂ ਦੀ ਮਦਦ ਕੀਤੀ।

**ਆਇਤ 4. ਮਾਰਦਕਈ** ਦਾ ਖ਼ੌਫ਼ ਸੀ ਕਿਉਂ ਜੋ ਉਹ ਐਨਾ ਸ਼ਕਤੀਸ਼ਾਲੀ ਬਣ ਗਿਆ ਸੀ। ਸਾਲ ਦੇ ਚੌਥੇ ਮਹੀਨੇ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਬੈਠਣ ਤੋਂ ਬਾਅਦ[4] ਕਿਤੇ ਹਾਮਾਨ ਤੀਜੇ ਮਹੀਨੇ ਵਿਚ ਹੁਕਮ ਜਾਰੀ ਕਰਨ ਵਿਚ ਜ਼ਿੰਮੇਵਾਰ ਸੀ ਜਿਸ ਨਾਲ ਅਖ਼ੀਰ ਵਿਚ ਯਹੂਦੀ ਲੋਕ ਬਚਾਏ ਗਏ (8:9)। ਹੁਣ ਤਕ ਉਸ ਨੇ ਰਾਜ ਵਿਚ ਦੂਜੇ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਦੇ ਰੂਪ ਵਿਚ ਨੌਂ ਜਾਂ ਦਸ ਮਹੀਨੇ ਕੰਮ ਕੀਤਾ ਸੀ ਅਤੇ ਉਸ ਸਮੇਂ ਨੂੰ ਚੰਗੇ ਤਰੀਕੇ ਨਾਲ ਵਰਤਿਆ ਸੀ, ਜਿਸ ਕਰਕੇ ਉਹ **ਸ਼ਾਹੀ ਮਹਿਲ ਵਿਚ ਵੱਡਾ** ਆਦਮੀ ਮੰਨਿਆ ਜਾਣ ਲੱਗਾ ਸੀ। ਹਰ ਥਾਂ ਉਹ **ਉਘਾ ਹੋ ਗਿਆ ਸੀ** ਅਤੇ

ਉਹ **ਵਧਦਾ ਹੀ ਚਲਿਆ ਗਿਆ**।

**ਆਇਤ 5.** ਲੇਖਕ ਨੇ ਉਸ ਕਾਰਣ ਦੇ ਅਸਰ ਦੱਸਦਿਆਂ ਜਿਨ੍ਹਾਂ ਦਾ ਹੁਣੇ ਹੁਣੇ ਵਰਣਨ ਕੀਤਾ ਸੀ, ਯਹੂਦੀਆਂ ਦੀ ਫ਼ਤਹਿ ਸਬੰਧੀ ਆਮ ਵਾਕ ਨਾਲ ਸਮਾਪਤੀ ਕੀਤੀ। ਯਹੂਦੀ ਲੋਕ ''ਇਕੱਠੇ ਹੋਏ'' (9:2), ਸੂਬਿਆਂ ਦੇ ਸਰਦਾਰਾਂ ਨੇ ''ਸਹਾਇਤਾ ਕੀਤੀ'' (ਯਹੂਦੀਆਂ ਅਤੇ ਮਾਰਦਕਈ ਦੇ ਡਰ ਕਰਕੇ; 9:3), ਅਤੇ ''ਕੋਈ ਮਨੁੱਖ ਉਨ੍ਹਾਂ ਦੇ ਸਾਹਮਣੇ ਖਲੋ ਨਾ ਸਕਿਆ'' (9:2), ਇਸ ਕਰਕੇ **ਯਹੂਦੀਆਂ ਨੇ ਆਪਣੇ ਸਾਰੇ ਵੈਰੀਆਂ ਨੂੰ ਤਲਵਾਰ ਦੀ ਹੁੱਜ ਨਾਲ ਘਾਇਲ** ਕੀਤਾ। ਹੁਕਮਾਂ ਦੀ ਵਾਕ ਰਚਨਾ ਨਾਲ ਮੇਲ ਖਾਂਦਿਆਂ ਉਨ੍ਹਾਂ ਆਪਣੇ ਹਮਲਾਵਰਾਂ ਨੂੰ **ਵੱਢ ਸੁੱਟਿਆ ਅਰ ਮਿਟਾ ਦਿੱਤਾ** (ਵੇਖੋ 3:13; 8:11)। **ਆਪਣੇ ਤੋਂ ਘਿਣ ਕਰਨ ਵਾਲਿਆਂ ਨਾਲ ਉਹ ਕੁੱਝ ਕੀਤਾ ਜੋ ਓਹ ਕਰਨਾ ਚਾਹੁੰਦੇ ਸਨ** ਦਾ ਅਰਥ ਹੈ ਕਿ ਉਨ੍ਹਾਂ ਦਾ ਕੋਈ ਦੁਸ਼ਮਣ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਿਆ। ਦੂਜੇ ਸ਼ਬਦਾਂ ਵਿਚ ਉਨ੍ਹਾਂ ਨੇ ਮਨ ਮਰਜ਼ੀ ਨਾਲ ਆਪਣੇ ਦੁਸ਼ਮਣਾਂ ਦਾ ਨਾਸ ਕਰ ਦਿੱਤਾ।

ਇਸ ਖ਼ੂਨੀ ਲੱਗਣ ਵਾਲੇ ਕੰਮ ਉੱਤੇ ਸਵਾਲ ਉਠਾਇਆ ਗਿਆ ਹੈ ਅਤੇ ਇਸ ਨੂੰ ਨਿੰਦਿਆ ਗਿਆ ਹੈ। ਅਹਿਮ ਗੱਲ ਇਹ ਹੈ ਕਿ ਯਹੂਦੀ ਲੋਕ ਆਪਣੇ ਦੁਸ਼ਮਣਾਂ ਉੱਤੇ ਜਵਾਬੀ ਹਮਲਾ ਕਰ ਰਹੇ ਸਨ। ਉਨ੍ਹਾਂ ਨੇ ਸਿਰਫ਼ ਉਨ੍ਹਾਂ ਨੂੰ ਹੀ ਮਾਰਿਆ ਜਿਹੜੇ ਉਨ੍ਹਾਂ ਦਾ ਕਤਲੇਆਮ ਕਰਨ ਅਤੇ ਉਨ੍ਹਾਂ ਦਾ ਮਾਲ ਸਮਾਨ ਲੁੱਟਣ ਦੀ ਕੋਸ਼ਿਸ਼ ਕਰ ਰਹੇ ਸਨ।[5] ਯਹੂਦੀਆਂ ਦੀ ਕਾਰਵਾਹੀ ਦੀ ਭਾਵੇਂ ਕੋਈ ਆਲੋਚਨਾ ਕਰ ਸਕਦਾ ਹੈ ਪਰ ਇਹ ਖ਼ੁਦਾ ਵੱਲੋਂ ਆਪਣੇ ਲੋਕਾਂ ਦੀ ਪਰਵਾਨ ਕੀਤੀ ਗਈ ਆਮ ਨੀਤੀ ਨੂੰ ਵਿਖਾਉਂਦਾ ਹੈ ਕਿ ਜਿਹੜੀਆਂ ਕੌਮਾਂ ਜਾਂ ਲੋਕ ਉਸ ਦੇ ਲੋਕਾਂ ਨੂੰ ਨਾਸ ਕਰਨ ਲਈ ਉਨ੍ਹਾਂ ਨਾਲ ਬਦਸਲੂਕੀ ਕਰਨ (ਜਾਂ ਜਿਹੜੇ ਉਨ੍ਹਾਂ ਦੇ ਦੁਸ਼ਮਣ ਹੋਣ) ਅਤੇ ਕਈ ਵਾਰ ਖ਼ੁਦਾ ਬਰਬਾਦੀ ਲਿਆਉਣ ਲਈ ਆਪਣੇ ਹੀ ਲੋਕਾਂ ਨੂੰ ਵਰਤ ਲੈਂਦਾ ਹੈ।

**ਆਇਤਾਂ 6-10.** ਤੇਰ੍ਹਵੇਂ ਦਿਨ ਕਤਲੇਆਮ ਦੇ ਕੁਲ ਨਤੀਜਿਆਂ ਦੀ ਗੱਲ ਦੱਸਣ ਦੇ ਬਾਅਦ, ਵਿਰਤਾਂਤ ਵਿਚ ਅੱਗੇ ਇਥੇ ਥਾਂ ਸ਼ੂਸ਼ਨ ਸ਼ਹਿਰ ਵਿਚ ਨਤੀਜਿਆਂ ਦਾ ਵੇਰਵਾ ਮਿਲਦਾ ਹੈ। ਆਇਤ 6 **ਸ਼ੂਸ਼ਨ ਦੇ ਮਹਿਲ** ਭਾਵ ਉਸ ਕਿਲ੍ਹੇ ਦੀ ਗੱਲ ਕਰਦੀ ਹੈ ਜਿੱਥੇ ਬਾਦਸ਼ਾਹ ਦਾ ਮਹਿਲ ਸੀ। ਇਹ ਮੰਨਿਆ ਜਾਂਦਾ ਹੈ ਕਿ ਵਚਨ ਸਿਰਫ਼ ਕਿਲ੍ਹੇ ਦੀ ਹੀ ਨਹੀਂ ਬਲਕਿ ਪੂਰੇ ਸ਼ਹਿਰ ਦੀ ਗੱਲ ਕਰਦਾ ਹੈ।

**ਯਹੂਦੀਆਂ ਨੇ ਹਾਮਾਨ ਦੇ ਦਸੇ ਪੁੱਤਰ** (9:10) ਜਿਨ੍ਹਾਂ ਦੇ ਨਾਂਅ ਇਨ੍ਹਾਂ ਆਇਤਾਂ ਵਿਚ ਦਿੱਤੇ ਗਏ ਹਨ (9:7–9) ਅਤੇ **ਪੰਜ ਸੌ ਮਨੁੱਖ ਵੱਢ** ਦਿੱਤੇ (9:6)। ਮੰਨਿਆ ਜਾ ਸਕਦਾ ਹੈ ਕਿ ਉਹ ਯਹੂਦੀਆਂ ਦੇ ''ਦੁਸ਼ਮਣਾਂ'' ਵਿੱਚੋਂ ਸਨ ਜਿਨ੍ਹਾਂ ਨੇ ਅਦਾਰ ਦੇ ਤੀਜੇ ਮਹੀਨੇ ਉਨ੍ਹਾਂ ਉੱਤੇ ਹਮਲਾ ਕੀਤਾ ਸੀ। ਕਲਪਨਾ ਕੀਤੀ ਜਾ ਸਕਦੀ ਹੈ ਕਿ ਉਨ੍ਹਾਂ ਦੇ ਪਿਤਾ ਨੂੰ ਫਾਂਸੀ ਦਿੱਤੇ ਜਾਣ ਅਤੇ ਉਨ੍ਹਾਂ ਨੂੰ ਯਹੂਦੀਆਂ (ਅਸਤਰ ਅਤੇ ਮਾਰਦਕਈ) ਦੇ ਉਸਦੀ ਪਕੜ ਵਿੱਚੋਂ ਨਿੱਕਲਣ ਤੋਂ ਬਾਅਦ ਉਨ੍ਹਾਂ ਨੇ ਬਾਦਸ਼ਾਹ ਦੇ ਹੁਕਮ ਵਾਲੇ ਦਿਨ ਉਸ ਘਿਣ ਕੀਤੇ ਜਾਣ ਵਾਲੀ ਕੌਮ ਤੇ ਹਮਲਾ ਕਰਨ ਵਿਚ ਅਗਵਾਈ ਕਰਨ ਦੀ ਯੋਜਨਾ ਬਣਾਈ ਹੋਵਗੀ।

ਯਹੂਦੀਆਂ ਨੂੰ ਭਾਵੇਂ ''ਉਨ੍ਹਾਂ ਦਾ ਮਾਲ ਲੁੱਟ ਲੈਣ'' ਦਾ ਹੱਕ ਦਿੱਤਾ ਗਿਆ ਸੀ (8:11), ਪਰ ਉਨ੍ਹਾਂ ਨੇ **ਲੁੱਟ ਦੇ ਮਾਲ ਨੂੰ ਹੱਥ ਨਾ ਪਾਇਆ** (9:10)। ਕਿਉਂ? ਭਾਵੇਂ ਵਚਨ ਦੱਸਦਾ ਨਹੀਂ ਹੈ ਪਰ ਉਨ੍ਹਾਂ ਨੇ ਆਪਣੇ ਸ਼ਿਕਾਰ ਲੋਕਾਂ ਦਾ ਸਮਾਨ ਲੈਣ ਤੋਂ ਇਨਕਾਰ ਕਰ ਦਿੱਤਾ ਤਾਂ ਜੋ ਦੂਜਿਆਂ ਨੂੰ ਇਹ ਸਮਝ ਆ ਸਕੇ ਕਿ ਉਹ ਆਪਣੇ ਦੁਸ਼ਮਣਾਂ ਨੂੰ ਸਿਰਫ਼ ਆਪਣੀਆਂ ਜਾਨਾਂ ਬਚਾਉਣ ਲਈ ਮਾਰ ਰਹੇ ਸਨ ਅਤੇ ਕਿਸੇ ਦੂਜੇ ਦੇ ਥਾਂ ਤੇ ਅਮੀਰ ਬਣਨ ਦੀ ਕੋਸ਼ਿਸ਼ ਨਹੀਂ ਕਰ ਰਹੇ ਸਨ।

## ਸ਼ੂਸ਼ਨ ਵਿਚ ਬਦਲਾ ਲੈਣ ਦਾ ਦੂਜਾ ਦਿਨ (9:11-15)

**11ਉਸ ਦਿਨ ਜਿਹੜੇ ਸ਼ੂਸ਼ਨ ਦੇ ਮਹਿਲ ਵਿਚ ਵੱਢੇ ਗਏ ਉਨ੍ਹਾਂ ਦੀ ਗਿਣਤੀ ਪਾਤਸ਼ਾਹ ਦੇ ਸਨਮੁਖ**
**ਲਿਆਂਦੀ ਗਈ 12ਤਾਂ ਪਾਤਸ਼ਾਹ ਨੇ ਅਸਤਰ ਮਲਕਾ ਨੂੰ ਆਖਿਆ ਕਿ ਸ਼ੂਸ਼ਨ ਦੇ ਮਹਿਲ ਵਿਚ ਯਹੂਦੀਆਂ ਨੇ ਪੰਜ ਸੌ ਮਨੁੱਖ ਵੱਢਕੇ ਮਿਟਾ ਦਿੱਤੇ ਹਨ ਅਰ ਹਾਮਾਨ ਦੇ ਦਸੇ ਪੁੱਤਰ ਵੀ ਤਾਂ ਪਾਤਸ਼ਾਹ ਦੇ ਬਾਕੀ ਸੂਬਿਆਂ ਵਿਚ ਕੀ ਕੁਝ ਨਾ ਕੀਤਾ ਹੋਵੇਗਾ! ਤੇਰੀ ਕੀ ਅਰਜ਼ ਹੈ? ਉਹ ਤੈਨੂੰ ਦਿੱਤੀ ਜਾਏਗੀ ਅਤੇ ਤੇਰੀ ਕੀ ਭਾਉਣੀ ਹੈ? ਉਹ ਪੂਰੀ ਕੀਤੀ ਜਾਵੇਗੀ**
**13ਤਦ ਅਸਤਰ ਨੇ ਆਖਿਆ, ਜੇ ਕਰ ਪਾਤਸ਼ਾਹ ਨੂੰ ਚੰਗਾ ਲੱਗੇ ਤਾਂ ਯਹੂਦੀਆਂ ਨੂੰ ਜਿਹੜੇ ਸ਼ੂਸ਼ਨ ਵਿਚ ਹਨ ਅੱਜ ਦੇ ਹੁਕਮ ਵਾਂਙੁ ਓਨ੍ਹਾਂ ਦੇ ਕਰਨ ਲਈ ਕਲ ਦਾ ਦਿਨ ਵੀ ਦਿੱਤਾ ਜਾਵੇ ਅਰ ਹਾਮਾਨ ਦੇ ਦਸੇ ਪੁੱਤਰ ਸੂਲੀ ਉੱਤੇ ਟੰਗੇ ਜਾਣ!**
**14ਤਾਂ ਪਾਤਸ਼ਾਹ ਨੇ ਹੁਕਮ ਦਿੱਤਾ ਕਿ ਇੱਦਾਂ ਹੀ ਕੀਤਾ ਜਾਵੇ ਅਰ ਇਹ ਹੁਕਮ ਸ਼ੂਸ਼ਨ ਵਿਚ ਦਿੱਤਾ ਗਿਆ ਅਰ ਹਾਮਾਨ ਦੇ ਦਸੇ ਪੁੱਤਰ ਸੂਲੀ ਉੱਤੇ ਟੰਗ ਦਿੱਤੇ ਗਏ**
**15ਅਤੇ ਓਹ ਯਹੂਦੀ ਜਿਹੜੇ ਸ਼ੂਸ਼ਨ ਵਿਚ ਸਨ ਅਦਾਰ ਮਹੀਨੇ ਦੀ ਚੌਧਵੀਂ ਤਾਰੀਖ ਨੂੰ ਇਕੱਠੇ ਹੋਏ ਅਤੇ ਓਨ੍ਹਾਂ ਨੇ ਸ਼ੂਸ਼ਨ ਵਿਚ ਤਿੰਨ ਸੌ ਮਨੁੱਖ ਵੱਢ ਸੁੱਟੇ ਪਰ ਲੁੱਟ ਦੇ ਮਾਲ ਨੂੰ ਹੱਥ ਨਾ ਪਾਇਆ।**

ਅਸਤਰ ਦੀ ਬੇਨਤੀ ਤੇ, ਬਾਦਸ਼ਾਹ ਨੇ ਸ਼ੂਸ਼ਨ ਵਿਚ ਯਹੂਦੀਆਂ ਨੂੰ ਸਲਤਨਤ ਦੇ ਰਾਜਧਾਨੀ ਨਗਰ ਵਿਚ ਆਪਣੇ ਦੁਸ਼ਮਣਾਂ ਨੂੰ ਖ਼ਤਮ ਕਰਨ ਲਈ ਦੂਜਾ ਦਿਨ ਦੇ ਦਿੱਤਾ।

**ਆਇਤਾਂ 11, 12.** ਮਹੀਨੇ ਦੇ ਤੇਰ੍ਹਵੇਂ **ਦਿਨ**, **ਪਾਤਸ਼ਾਹ** ਨੂੰ ਖ਼ਬਰ ਮਿਲੀ ਕਿ **ਸ਼ੂਸ਼ਨ** ਵਿਚ **ਯਹੂਦੀਆਂ** ਵੱਲੋਂ **ਪੰਜ ਸੌ ਮਨੁੱਖ** ਅਤੇ **ਹਾਮਾਨ ਦੇ ਦਸੇ ਪੁੱਤਰ** ਮਾਰੇ ਗਏ ਸਨ। ਉਸ ਨੇ ਆਪਣਾ ਵਿਚਾਰ ਜੋੜਦਿਆਂ ਕਿ ਸ਼ੂਸ਼ਨ ਵਿਚ ਮੌਤ ਦੀ ਗਿਣਤੀ ਪੂਰੀ ਸਲਤਨਤ ਵਿਚ ਯਹੂਦੀਆਂ ਲਈ ਵੱਡੀ ਜਿੱਤ ਦਾ ਪ੍ਰਗਟਾਵਾ ਸੀ, **ਅਸਤਰ** ਨੂੰ ਖ਼ਬਰ ਪਹੁੰਚਾਈ। ਫਿਰ ਕਹਾਣੀ ਵਿਚ ਅਸਤਰ ਤੇ ਵਿਖਾਈ ਗਈ ਆਪਣੀ ਪਹਿਲੀ ਖੁੱਲ੍ਹਦਿਲੀ ਵਾਂਗ ਉਸ ਨੇ ਪੁੱਛਿਆ ਕਿ ਉਹ ਹੋਰ ਕੀ ਚਾਹੁੰਦੀ ਹੈ ਕਿ ਉਹ ਉਹਦੇ ਲਈ ਕਰੇ। ਉਹਦੇ ਸ਼ਬਦ ਉਨ੍ਹਾਂ ਸ਼ਬਦਾਂ ਵਰਗੇ ਹੀ ਸਨ ਜਿਹੜੇ ਅਸਤਰ ਨੇ ਪਹਿਲਾ ਸੁਣੇ ਸਨ। **ਤੇਰੀ ਕੀ ਅਰਜ ਹੈ** ਅਤੇ **ਤੇਰੀ ਕੀ ਭਾਉਣੀ ਹੈ?** ਪਹਿਲਾਂ ਵਾਂਗ ਹੀ ਬਾਦਸ਼ਾਹ ਨੇ ਯਕੀਨ ਦੁਆਇਆ ਕਿ ਉਹ ਜੋ ਮੰਗੇ ਉਸ ਨੂੰ ਮਿਲੇਗਾ।

**ਆਇਤਾਂ 13, 14.** ਫਿਰ **ਅਸਤਰ** ਨੇ ਅਹਸ਼ਵੇਰੋਸ਼ ਨੂੰ ਦੋ ਗੱਲਾਂ ਕਰਨ ਲਈ ਆਖਿਆ: (1) **ਯਹੂਦੀਆਂ** ਨੂੰ **ਸ਼ੂਸ਼ਨ ਵਿਚ** ਆਪਣੇ ਦੁਸ਼ਮਣਾਂ ਨਾਲ ਨਜਿੱਠਣੇ ਲਈ ਇਕ ਵਾਧੂ ਦਿਨ ਦਿੱਤਾ ਜਾਵੇ ਅਤੇ (2) **ਹਾਮਾਨ ਦੇ ਦਸੇ ਪੁੱਤਰ ਸੂਲੀ ਉੱਤੇ ਟੰਗੇ ਜਾਣ**। ਇਸ ਬੇਨਤੀ ਤੋਂ ਪਹਿਲਾਂ ਉਹ ਨੇ ਪਹਿਲਾਂ ਕੀਤੀ ਬੇਨਤੀ ਵਿਚ ਚਾਰ ਵਾਕ ਜੋੜਨ ਦੀ ਬਜਾਇ ਸਿਰਫ਼ ਇੱਕੋ ਵਾਕ ਜੋੜਿਆ (**ਜੇਕਰ ਪਾਤਸ਼ਾਹ ਨੂੰ ਚੰਗਾ ਲੱਗੇ**) (8:5)।[6] ਇਸ ਬਦਲਾਅ ਤੋਂ ਇਹ ਸੰਕੇਤ ਮਿਲ ਸਕਦਾ ਹੈ ਕਿ ਅਸਤਰ ਭਾਵੇਂ ਅਜੇ ਵੀ ਅਦਬ ਨਾਲ ਗੱਲ ਕਰ ਰਹੀ ਸੀ, ਪਰ ਹੁਣ ਉਹ ਨੂੰ ਵਧੇਰੇ ਯਕੀਨ ਲਗ ਰਿਹਾ ਸੀ ਕਿ ਬਾਦਸ਼ਾਹ ਉਹਦੇ ਕਹੇ ਮੁਤਾਬਕ ਕਰੇਗਾ। ਬਾਦਸ਼ਾਹ ਦੇ ਦਰਬਾਰ ਵਿਚ ਉਹਦੇ ਸਾਹਮਣੇ ਪਹਿਲੀ ਵਾਰ ਆਉਣ ਦੇ ਮਹੀਨੇ ਤੋਂ ਉਹਨੇ ਆਪਣਾ ਲਗਾਅ ਬਰਕਰਾਰ ਰੱਖਿਆ ਸੀ ਅਤੇ ਮਲਕਾ ਹੋਣ ਦੀ ਆਪਣੀ ਸਥਿਤੀ ਨੂੰ ਪੱਕਾ ਕੀਤਾ। ਉਹ ਆਪਣੇ ਆਪ ਵਿਚ ਇਖ਼ਤਿਆਰ ਰੱਖਣ ਵਾਲੀ ਬਣ ਗਈ ਸੀ।

ਅਸਤਰ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਬੇਨਤੀਆਂ ਦਾ ਕਾਰਣ ਨਹੀਂ ਦੱਸਿਆ ਗਿਆ। ਅਸਲ ਵਿਚ ਬੇਹੱਦ ਖ਼ੂਨਖਰਾਬੇ ਵਿਚ ਉਹਦੀ ਅਲੋਚਨਾ ਹੀ ਹੋਈ ਹੈ। ਸ਼ਾਇਦ ਉਹਦੇ ਕੋਲ ਉਹ ਜਾਣਕਾਰੀ ਸੀ ਜਿਹੜੀ ਦੂਜਿਆਂ ਕੋਲ ਨਹੀਂ ਸੀ ਜੋ ਇਸ ਗੱਲ ਦਾ ਸੰਕੇਤ ਕਿ ਯਹੂਦੀਆਂ ਦੇ ਬਹੁਤ ਸਾਰੇ ਦੁਸ਼ਮਣ ਉਸ ਦਿਨ ਬਚ ਗਏ ਸਨ ਪਰ ਅਗਲੇ ਦਿਨ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ। ਜੇ ਇਹ

ਗੱਲ ਹੈ ਤਾਂ ਵਿਰੋਧ ਦੀਆਂ ਇਨ੍ਹਾਂ ਸੰਭਾਵਨਾਵਾਂ ਨੂੰ ਖ਼ਤਮ ਕੀਤਾ ਜਾਣਾ ਜ਼ਰੂਰੀ ਸੀ। ਸ਼ਾਇਦ ਅਸਤਰ ਹਾਮਾਨ ਦੇ ਪੁੱਤਰਾਂ ਨੂੰ ''ਟੰਗ ਦੇਣਾ'' ਚਾਹੁੰਦੀ ਸੀ ਭਾਵ ਉਨ੍ਹਾਂ ਦੀਆਂ ਲਾਸ਼ਾਂ ਦਾ ''ਸੂਲੀਆਂ ਉੱਤੇ'' ਮੁਜ਼ਾਹਿਰਾ ਕਰਨਾ ਚਾਹੁੰਦੀ ਸੀ ਤਾਂ ਜੋ ਆਮ ਲੋਕ ਵੇਖ ਸਕਣ ਕਿ ਯਹੂਦੀਆਂ ਦਾ ਵੱਡਾ ਦੁਸ਼ਮਣ, ਹਾਮਾਨ ਹਾਰ ਚੁਕਿਆ ਸੀ। ਸਭ ਨੂੰ ਪਤਾ ਲਗ ਸਕਦਾ ਸੀ ਕਿ ਖ਼ੁਦਾ ਦੇ ਲੋਕਾਂ ਨੂੰ ਖ਼ਤਮ ਕਰਨ ਦੀ ਇੱਛਾ ਰੱਖਣ ਵਾਲਿਆਂ ਨਾਲ ਕਿਹੋ ਜਿਹਾ ਸਲੂਕ ਹੋਣਾ ਸੀ। ਜੇ ਇਹ ਸਹੀ ਹੈ ਤਾਂ ਹਾਮਾਨ ਦੇ ਪੁੱਤਰਾਂ ਦਾ ਸ਼ਰਮਨਾਕ ਵਿਖਾਵਾ ਇਕ ਰੋਕ ਸੀ ਨਾ ਕਿ ਉਨ੍ਹਾਂ ਦੇ ਮਰ ਜਾਣ ਤੋਂ ਬਾਅਦ ਵੀ ਬਦਲਾ ਲੈਣ ਦੀ [ਅਸਤਰ ਦੀ] ਖੁਣਸ।[7]

**ਪਾਤਸ਼ਾਹ ਨੇ** ਅਸਤਰ ਦੀਆਂ ਬੇਨਤੀਆਂ ਨੂੰ ਮੰਨ ਲਿਆ। ਉਸ ਨੇ ਯਹੂਦੀਆਂ ਨੂੰ ਸ਼ੂਸ਼ਨ ਵਿਚ ਆਪਣੇ ਦੁਸ਼ਮਣਾਂ ਨੂੰ ਖ਼ਤਮ ਕਰਨ ਲਈ ਇਕ ਹੋਰ ਵਾਧੂ ਦਿਨ ਦਿੱਤੇ ਜਾਣ ਦਾ **ਹੁਕਮ** ਦਿੱਤਾ ਕਿ **ਹਾਮਾਨ ਦੇ ਦਸੇ ਪੁੱਤਰ ਸੂਲੀ ਉੱਟੇ ਟੰਗੇ ਜਾਣ**।

**ਆਇਤ 15. ਯਹੂਦੀ ਅਦਾਰ ਮਹੀਨੇ ਦੀ ਚੌਧਵੀਂ ਤਾਰੀਖ਼ ਨੂੰ ਇਕੱਠੇ ਹੋਏ ਓਨ੍ਹਾਂ ਨੇ ਸ਼ੂਸ਼ਨ ਵਿਚ ਤਿੰਨ ਸੌ ਮਨੁੱਖ ਵੱਢ ਸੁੱਟੇ।** ਨਾਲੇ ਹਾਮਾਨ ਦੇ ਪੁੱਤਰਾਂ ਨੂੰ ਸੂਲੀ ਉੱਤੇ ਟੰਗ ਦਿੱਤਾ ਗਿਆ ਭਾਵ ਉਨ੍ਹਾਂ ਦੀਆਂ ਲਾਸ਼ਾਂ ਨੂੰ ਆਮ ਜਨਤਾ ਇਹ ਸਿੱਖਿਆ ਦੇਣ ਲਈ ਸੀ ਕਿ ਯਹੂਦੀਆਂ ਦੇ ਖ਼ਿਲਾਫ਼ ਨਾ ਲੜੋ, ਨਮੋਸ਼ੀ ਅਤੇ ਵਿਜ਼ੁਅਲ ਏਡ ਲਈ ਸ਼ਰੇਆਮ ਟੰਗ ਦਿੱਤਾ ਗਿਆ। ਪਿਛਲੇ ਦਿਨ ਵਾਂਗ, ਯਹੂਦੀਆਂ ਨੇ ਉਨ੍ਹਾਂ ਦਾ ਸਮਾਨ ਲੁੱਟਣ ਤੋਂ ਪਰਹੇਜ਼ ਕੀਤਾ ਜਿਨ੍ਹਾਂ ਨੂੰ ਉਨ੍ਹਾਂ ਨੇ ਮਾਰ ਸੁੱਟਿਆ ਸੀ।

## ਯਹੂਦੀਆਂ ਦਾ ਆਪਣੀ ਜਿੱਤ ਨੂੰ ਮਨਾਉਣਾ (9:16-19)

**16 ਅਤੇ ਬਾਕੀ ਯਹੂਦੀ ਜਿਹੜੇ ਪਾਤਸ਼ਾਹ ਦੇ ਸੂਬਿਆਂ ਵਿਚ ਸਨ ਜਾਨਾਂ ਬਚਾਉਣ ਲਈ ਇਕੱਠੇ ਹੋ ਕੇ ਅੜ ਗਏ ਅਤੇ ਆਪਣੇ ਵੈਰੀਆਂ ਤੋਂ ਅਰਾਮ ਪਾਇਆ ਅਤੇ ਆਪਣੇ ਘਿਣ ਕਰਨ ਵਾਲਿਆਂ ਵਿੱਚੋਂ ਪੰਝੱਤਰ ਹਜ਼ਾਰ ਨੂੰ ਵੱਢ ਸੁੱਟਿਆ ਪਰ ਲੁੱਟ ਦੇ ਮਾਲ ਨੂੰ ਹੱਥ ਨਾ ਪਾਇਆ। 17 ਅਦਾਰ ਮਹੀਨੇ ਦੀ ਤੇਰ੍ਹਵੀਂ ਅਰ ਚੌਧਵੀਂ ਤਾਰੀਖ਼ ਨੂੰ ਓਨ੍ਹਾਂ ਨੇ ਅਰਾਮ ਕੀਤਾ ਅਤੇ ਓਸੇ ਦਿਨ ਨੂੰ ਓਨ੍ਹਾਂ ਨੇ ਦਾਉਤ ਅਤੇ ਅਨੰਦ ਕਰਨ ਦਾ ਦਿਨ ਠਹਿਰਾਇਆ। 18 ਪਰ ਓਹ ਯਹੂਦੀ ਜਿਹੜੇ ਸ਼ੂਸ਼ਨ ਵਿਚ ਸਨ ਉਸ ਦੀ ਤੇਰ੍ਹਵੀਂ ਅਤੇ ਚੌਧਵੀਂ ਤਾਰੀਖ਼ ਨੂੰ ਇਕੱਠੇ ਹੋਏ ਅਤੇ ਉਸ ਦੀ ਪੰਦਰਵੀਂ ਤਾਰੀਖ਼ ਨੂੰ ਅਰਾਮ ਕੀਤਾ ਅਤੇ ਉਸ ਦਿਨ ਨੂੰ ਦਾਉਤ ਅਤੇ ਅਨੰਦ ਦਾ ਦਿਨ ਠਹਿਰਾਇਆ 19 ਇਸ ਲਈ ਪਿੰਡਾਂ ਦਿਆਂ ਯਹੂਦੀਆਂ ਨੇ ਜਿਹੜੇ ਬਿਨ ਸਫੀਲੇ ਪਿੰਡਾਂ ਵਿਚ ਰਹਿੰਦੇ ਸਨ ਅਤੇ ਅਦਾਰ ਮਹੀਨੇ ਦੀ ਚੌਧਵੀਂ ਤਾਰੀਖ਼ ਨੂੰ ਅਨੰਦ ਅਰ ਦਾਉਤ ਦਾ ਦਿਨ ਨਾਲੇ ਇਕ ਸ਼ੁਭ ਦਿਨ ਇਕ ਦੂਜੇ ਨੂੰ ਛਾਂਦਾ ਘੱਲਣ ਲਈ ਮਨਾਇਆ।**

ਯਹੂਦੀਆਂ ਵੱਲੋਂ ਆਪਣੇ ਦੁਸ਼ਮਣਾਂ ਨੂੰ ਮਾਰ ਦਿੱਤੇ ਜਾਣ ਤੋਂ ਬਾਅਦ, ਉਨ੍ਹਾਂ ਨੇ ਆਪਣੀਆਂ ਵੱਡੀਆਂ ਜਿੱਤਾਂ ਦਾ ਜਸ਼ਨ ਮਨਾਇਆ।

**ਆਇਤ 16.** ਸ਼ੂਸ਼ਨ ਵਿਚ ਯਹੂਦੀਆਂ ਦੀ ਜਿੱਤ ਦੇ ਜਸ਼ਨ ਅਤੇ **ਬਾਕੀ ਯਹੂਦੀਆਂ** ਦੇ ਜਸ਼ਨ ਵਿਚ ਫ਼ਰਕ ਨੂੰ ਸਮਝਾਉਣ ਲਈ ਲੇਖਕ ਨੇ ਸੰਖੇਪ ਵਿਚ ਦੱਸਿਆ ਕਿ ਸਲਤਨਤ ਦੇ ਬਾਕੀ ਹਿੱਸੇ ਵਿਚ ਕੀ ਕੀ ਅਤੇ ਕਦੋਂ ਕਦੋਂ ਹੋਇਆ। ਸ਼ੂਸ਼ਨ ਵਿਚ ਭਾਵੇਂ ਉਨ੍ਹਾਂ ਨੇ 800 ਦੁਸ਼ਮਣਾਂ ਨੂੰ ਮਾਰਿਆ ਸੀ (9: 12, 15), ਪਰ ਦੂਜੇ ਸੂਬਿਆਂ ਵਿਚ **ਪੰਝੱਤਰ ਹਜ਼ਾਰ** ਨੂੰ ਵੱਡਿਆ ਸੀ! ਸ਼ੂਸ਼ਨ ਵਿਚ ਯਹੂਦੀਆਂ ਨੂੰ ਆਪਣੇ ਵਿਰੋਧੀਆਂ ਦਾ ਖਾਤਮਾ ਕਰਨ ਲਈ ਦੋ ਦਿਨ ਦਿੱਤੇ ਗਏ ਸਨ ਜਦ ਕਿ ਦੂਜੇ ਥਾਂਵਾਂ ਦੇ ਯਹੂਦੀਆਂ ਨੇ ਇੱਕੋ ਦਿਨ ਭਾਵ ਮਹੀਨੇ ਦੇ ਤੇਰ੍ਹਵੇਂ ਦਿਨ **ਆਪਣੇ ਵੈਰੀਆਂ** ਦਾ ਖਾਤਮਾ ਕਰ ਦਿੱਤਾ ਸੀ। ਪਰ ਸੂਬਿਆਂ ਵਿਚ ਯਹੂਦੀਆਂ ਨੇ, ਜਿਵੇਂ ਸ਼ੂਸ਼ਨ ਵਿਚ, **ਲੁੱਟ ਦੇ ਮਾਲ ਨੂੰ ਹੱਥ** ਪਾਉਣ ਤੋਂ ਪਰਹੇਜ ਕੀਤਾ।

ਐਨੇ ਸਾਰੇ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਦਿੱਤੇ ਜਾਣ ਕਰਕੇ ਕਈਆਂ ਨੇ ਇਸ ਵਿਰਤਾਂਤ

ਦੀ ਇਤਿਹਾਸਕਤਾ ਤੇ ਸਵਾਲ ਉਠਾਇਆ ਹੈ। ਐੱਫ਼. ਬੀ. ਹੁਏ, ਜੂਨੀਅਰ, ਨੇ ਦਲੀਲ ਦਿੱਤੀ ਹੈ ਕਿ ''ਪੂਰੇ ਇਤਿਹਾਸ ਵਿਚ ਵੱਡੀ ਗਿਣਤੀ ਵਿਚ ਲੋਕਾਂ ਦਾ ਕਤਲ ਬਹੁਤ ਆਮ ਰਿਹਾ ਹੈ,'' ਅਤੇ ਉਸ ਨੇ ਕਈ ਉਦਾਹਰਣਾਂ ਦਿੱਤੀਆਂ ਹਨ ਜਦ ਹਜ਼ਾਰਾਂ ਲੋਕ ਮਾਰੇ ਗਏ।[8] ਯਹੂਦੀਆਂ ਵੱਲੋਂ ਆਪਣੇ ਦੁਸ਼ਮਣਾਂ ਦੇ ਮਾਰੇ ਜਾਣ ਦੀ ਗੱਲ ਸੰਸਾਰਕ ਇਤਿਹਾਸਕਾਰਾਂ ਵੱਲੋਂ ਕਿਉਂ ਨਹੀਂ ਦਿੱਤੀ ਗਈ? ਮੌਤਾਂ ਪੂਰੀ ਸਲਤਨਤ ਵਿਚ ਹੋਈਆਂ ਸਨ, ਅਤੇ ਲੋਕਾਂ ਦੇ ਵੱਡੀ ਗਿਣਤੀ ਵਿਚ ਮਾਰੇ ਜਾਣ ਨੂੰ ਉਸ ਜ਼ਮਾਨੇ ਵਿਚ ਕੋਈ ਨਵੀਂ ਗੱਲ ਨਹੀਂ ਮੰਨੀ ਜਾਂਦੀ ਸੀ। ਗਿਣਤੀ ਨੂੰ ਜਾਣ–ਬੁੱਝ ਕੇ ਵਧਾ ਚੜ੍ਹਾ ਕੇ ਵੇਖੇ ਜਾਣ ਦੀ ਕੋਈ ਲੋੜ ਨਹੀਂ ਹੈ। ਪਰ LXX ਵਿਚ ਦਿੱਤੀ ਗਈ ਗਿਣਤੀ ਕਾਫ਼ੀ ਘੱਟ ਹੈ ਜੋ ਕਿ 15,000 ਹੈ। ਇਸ ਤੋਂ ਇਹ ਸੰਕੇਤ ਮਿਲ ਸਕਦਾ ਹੈ ਕਿ LXX ਦੇ ਅਨੁਵਾਦਕਾਂ ਨੇ 75,000 ਦੀ ਗਿਣਤੀ ਵਿਚ ਲਿਖਤ ਦੀ ਮੁਸ਼ਕਿਲ ਨੂੰ ਵੇਖਿਆ।

**ਆਇਤਾਂ 17, 18.** ਮੁਕਾਬਲੇ ਦੇ ਵੱਖੋ–ਵੱਖ ਦਿਨਾਂ ਕਰਕੇ ਜਸ਼ਨ ਦੇ ਵੱਖੋ–ਵੱਖ ਦਿਨ ਸਨ। ਸੂਬਿਆਂ ਵਿਚ ਜਿੱਤ **ਤੇਰ੍ਹਵੀਂ ਤਾਰੀਖ** ਨੂੰ ਹੋਈ, ਜਿਸ ਕਰਕੇ ਯਹੂਦੀਆਂ ਨੇ **ਚੌਦ੍ਹਵੀਂ ਤਰੀਕ ਨੂੰ ਅਰਾਮ ਕੀਤਾ** ਅਤੇ ਜਸ਼ਨ ਮਨਾਇਆ। **ਸ਼ੂਸ਼ਨ ਵਿਚ ਯਹੂਦੀ ਤੇਰ੍ਹਵੀਂ ਅਤੇ ਚੌਧਵੀਂ** ਜਿੱਤੇ ਉਨ੍ਹਾਂ ਨੇ **ਪੰਦਰਵੀਂ ਤਾਰੀਖ ਨੂੰ ਅਰਾਮ ਕੀਤਾ** ਅਤੇ ਜਸ਼ਨ ਮਨਾਇਆ। ਦੋਹਾਂ ਮਾਮਲਿਆਂ ਵਿਚ ਜਸ਼ਨ ਮਨਾਉਣਾ **ਦਾਉਤ ਅਤੇ ਅਨੰਦ ਦਾ ਦਿਨ** ਸਨ।

**ਆਇਤ 19.** ਲੇਖਕ ਨੇ ਇਹ ਤੱਥ ਇਹ ਸਮਝਾਉਣ ਲਈ ਦਿੱਤੇ ਕਿ **ਪਿੰਡਾਂ** ਵਿਚ ਰਹਿਣ ਵਾਲੇ **ਯਹੂਦੀਆਂ** ਨੇ **ਮਹੀਨੇ ਦੀ ਚੌਧਵੀਂ ਤਰੀਕ** ਨੂੰ ਜਸ਼ਨ ਕਿਉਂ ਮਨਾਇਆ। ਇਹਦਾ ਮਤਲਬ ਇਹ ਹੈ ਕਿ ਮੂਲ ਵਿਚ, ਸ਼ਹਿਰਾਂ ਦੇ ਅਤੇ ਪੇਂਡੂ ਇਲਾਕਿਆਂ ਵਿਚ ਰਹਿਣ ਵਾਲੇ ਯਹੂਦੀਆਂ ਨੇ ਯਹੂਦੀਆਂ ਦੇ ਛੁਟਕਾਰੇ ਦਾ ਜਸ਼ਨ ਵੱਖੋ ਵੱਖ ਦਿਨਾਂ ਵਿਚ ਮਨਾਇਆ ਅਤੇ ਇਹੀ ਰੀਤ ਚਲਦੀ ਰਹੀ। ਇਹ ਰੀਤ ਕੁਝ ਦੇਰ ਤਕ ਚਲਦੀ ਰਹੀ ਅਤੇ ਅਸਤਰ ਦੀ ਕਿਤਾਬ ਦੇ ਲਿਖੇ ਜਾਣ ਦੇ ਦਿਨਾਂ ਤਕ ਰਹੀ। ਜੋ ਖ਼ੁਦਾ ਦੇ ਲੋਕਾਂ ਦੀ ਜਿੱਤ ਦੇ ਸੁਭਾਵਕ ਤੌਰ ਤੇ ਹੋਣ ਨਾਲ ਸ਼ੁਰੂ ਹੋਇਆ ਸੀ, ਉਹ ਮਾਰਦਕਈ ਅਤੇ ਅਸਤਰ ਦੇ ਹੁਕਮਾਂ ਨਾਲ, ਪੂਰੀਮ ਦਾ ਪਰਬ ਨਾਮਕ ਸਲਾਨਾਂ ਛੁੱਟੀ ਦਾ ਦਿਨ ਬਣ ਗਿਆ।

## **ਪੂਰੀਮ ਦਾ ਪਰਬ ਸ਼ੁਰੂ ਹੋਇਆ** (9:20-32)

**20ਮਾਰਦਕਈ ਨੇ ਇਨ੍ਹਾਂ ਗੱਲਾਂ ਨੂੰ ਲਿਖਿਆ ਅਤੇ ਸਾਰੇ ਯਹੂਦੀਆਂ ਨੂੰ ਜਿਹੜੇ ਅਹਸ਼ਵੇਰੋਸ਼ ਪਾਤਸ਼ਾਹ ਦੇ ਸਾਰੇ ਸੂਬਿਆਂ ਵਿਚ ਸਨ ਕੀ ਨੇੜੇ ਦੇ ਕੀ ਦੂਰ ਦੇ ਪੱਤਰ ਘੱਲੇ 21ਤਾਂ ਜੋ ਓਨ੍ਹਾਂ ਵਿਚ ਇਹ ਕਾਇਮ ਕਰੇ ਕਿ ਉਹ ਅਦਾਰ ਮਹੀਨੇ ਦੀ ਚੌਧਵੀਂ ਅਰ ਪੰਦਰਵੀਂ ਤਾਰੀਖ ਨੂੰ ਵਰ੍ਹੇ ਦੇ ਵਰ੍ਹੇ ਮਨਾਉਣ 22ਕਿਉਂ ਜੋ ਇਹ ਓਹ ਦਿਨ ਸਨ ਜਿਨ੍ਹਾਂ ਵਿਚ ਯਹੂਦੀਆਂ ਨੂੰ ਆਪਣਿਆਂ ਵੈਰੀਆਂ ਤੋਂ ਅਰਾਮ ਮਿਲਿਆ ਅਰ ਇਹ ਮਹੀਨਾ ਓਨ੍ਹਾਂ ਲਈ ਗਮ ਤੋਂ ਖੁਸ਼ੀ ਵਿਚ ਅਰ ਰੋਣ ਪਿੱਟਨ ਤੋਂ ਇਕ ਸ਼ੁਭ ਦਿਨ ਵਿਚ ਬਦਲ ਗਿਆ ਤਾਂ ਜੋ ਉਹ ਇਸ ਨੂੰ ਦਾਉਤ ਦਾ ਦਿਨ ਅਰ ਅਨੰਦ ਦਾ ਦਿਨ ਅਤੇ ਇਕ ਦੂਜੇ ਨੂੰ ਛਾਂਦਾ ਘੱਲਣ ਦਾ ਦਿਨ ਅਤੇ ਗ਼ਰੀਬਾਂ ਨੂੰ ਇਨਾਮ ਦੇਣ ਦਾ ਦਿਨ ਬਣਾਉਣ। 23ਅਤੇ ਯਹੂਦੀਆਂ ਨੇ ਜਿਵੇਂ ਸ਼ੁਰੂ ਕੀਤਾ ਸੀ ਅਤੇ ਮਾਰਦਕਈ ਨੇ ਜਿਵੇਂ ਓਨ੍ਹਾਂ ਨੂੰ ਲਿਖਿਆ ਸੀ ਤਿਵੇਂ ਹੀ ਓਨ੍ਹਾਂ ਨੇ ਕਬੂਲ ਕਰ ਲਿਆ 24ਕਿਉਂਕਿ ਅਗਾਗੀ ਹਮਦਾਥਾ ਦੇ ਪੁੱਤਰ ਹਾਮਾਨ ਸਾਰੇ ਯਹੂਦੀਆਂ ਦੇ ਦੂਤੀ ਦੁਸ਼ਮਣ ਨੇ ਯਹੂਦੀਆਂ ਦੇ ਵਿਰੁੱਧ ਓਨ੍ਹਾਂ ਨੂੰ ਨਾਸ ਕਰਨ ਦੀ ਗੋਸ਼ਟ ਕੀਤੀ ਸੀ ਅਰ ਉਸ ਦੇ ਲਈ ਪੁਰ ਅਰਥਾਤ ਗੁਣੇ ਸੁੱਟੇ ਸਨ ਤਾਂ ਜੋ ਉਨ੍ਹਾਂ ਨੂੰ ਦੁਖ ਦੇਵੇ ਅਤੇ ਓਨ੍ਹਾਂ ਨੂੰ ਮਿਟਾ ਦੇਵੇ 25ਜਦ ਇਹ ਮਾਮਲਾ ਪਾਤਸ਼ਾਹ ਦੇ ਸਾਹਮਣੇ ਆਇਆ ਤਾਂ ਉਸ ਨੇ ਪੱਤਰਾਂ ਦੇ ਰਾਹੀਂ ਹੁਕਮ ਦਿੱਤਾ ਕਿ ਉਸ ਬੁਰੇ ਮਤੇ ਨੂੰ ਜਿਹੜਾ ਉਸ ਯਹੂਦੀਆਂ ਦੇ ਵਿੱਰੁਧ ਕੀਤਾ ਉਲਟਾ ਉਸ ਦੇ ਹੀ ਸਿਰ ਉੱਤੇ ਪਵੇ ਅਤੇ ਉਹ ਅਰ ਉਸ ਦੇ ਪੁੱਤਰ ਸੂਲੀ ਉੱਤੇ ਟੰਗੇ ਜਾਣ।**

**[26]ਇਸੇ ਕਰਕੇ ਓਨ੍ਹਾਂ ਨੇ ਪੂਰਾ ਦੇ ਨਾਉਂ ਦੇ ਪਿੱਛੋਂ ਇਨ੍ਹਾਂ ਦਿਨਾਂ ਨੂੰ ਪੂਰੀਮ ਆਖਿਆ। ਇਸ ਪੱਤਰ ਦੇ ਸਾਰੇ ਬਚਨਾਂ ਦੇ ਕਾਰਣ ਅਰ ਓਹ ਸੱਭੋ ਕੁੱਝ ਜੋ ਇਸ ਗੱਲ ਦੇ ਬਾਰੇ ਵਿਚ ਓਨ੍ਹਾਂ ਡਿੱਠਾ ਅਰ ਜੋ ਕੁੱਝ ਓਨ੍ਹਾਂ ਨਾਲ ਬੀਤਿਆ [27]ਯਹੂਦੀਆਂ ਨੇ ਆਪਣੇ ਉੱਤੇ ਅਤੇ ਆਪਣੀ ਨਸਲ ਉੱਤੇ ਅਰ ਉਨ੍ਹਾਂ ਸਾਰਿਆਂ ਉੱਤੇ ਜਿਹੜੇ ਓਨ੍ਹਾਂ ਦੇ ਨਾਲ ਮਿਲ ਗਏ ਕਾਇਮ ਕਰ ਕੇ ਕਬੂਲ ਕਰ ਲਿਆ ਭਈ ਇਹ ਅਟਲ ਹੋ ਜਾਵੇ ਕਿ ਓਹ ਇਨ੍ਹਾਂ ਦੋਹਾਂ ਦਿਨਾਂ ਨੂੰ ਆਪਣੀ ਲਿਖਤ ਦੇ ਅਨੁਸਾਰ ਮੁਕੱਰਰ ਕੀਤੇ ਹੋਏ ਸਮੇਂ ਉੱਤੇ ਵਰ੍ਹੇ ਦੇ ਵਰ੍ਹੇ ਮਨਾਉਣਗੇ [28]ਅਤੇ ਇਹ ਦਿਨ ਪੀੜ੍ਹੀਉਂ ਪੀੜ੍ਹੀ ਹਰ ਟੱਬਰ, ਹਰ ਸੂਬਾ ਅਰ ਹਰ ਨਗਰ ਵਿਚ ਯਾਦ ਰੱਖ ਕੇ ਮਨਾਏ ਜਾਣ ਅਰ ਪੂਰੀਮ ਦੇ ਇਹ ਦਿਨ ਯਹੂਦੀਆਂ ਵਿੱਚੋਂ ਕਦੀ ਵੀ ਨਾ ਮੁਕਣ ਅਤੇ ਨਾ ਹੀ ਉਨ੍ਹਾਂ ਦੀ ਯਾਦ ਓਨ੍ਹਾਂ ਦੀ ਨਸਲ ਵਿੱਚੋਂ ਜਾਂਦੀ ਰਹੇ। [29]ਤਾਂ ਅਬੀਹਯਿਲ ਦੀ ਧੀ ਅਸਤਰ ਮਲਕਾ ਅਤੇ ਮਾਰਦਕਈ ਯਹੂਦੀ ਨੇ ਸਾਰੇ ਇਖ਼ਤਿਆਰ ਨਾਲ ਪੂਰੀਮ ਦੇ ਇਸ ਦੂਜੇ ਪੱਤਰ ਨੂੰ ਪੱਕਿਆਂ ਕਰਨ ਲਈ ਲਿਖਿਆ [30]ਅਰ ਉਸ ਨੇ ਸਾਰੇ ਯਹੂਦੀਆਂ ਨੂੰ ਜਿਹੜੇ ਅਹਸ਼ਵੇਰੋਸ਼ ਦੀ ਪਾਤਸ਼ਾਹੀ ਦੇ ਇਕ ਸੌ ਸਤਾਈ ਸੂਬਿਆਂ ਵਿਚ ਸਨ ਪੱਤਰ ਲਿਖ ਘੱਲੇ ਜਿਨ੍ਹਾਂ ਵਿਚ ਸ਼ਾਂਤੀ ਅਰ ਸਚਿਆਈ ਦੀਆਂ ਗੱਲਾਂ ਸਨ [31]ਤਾਂ ਜੋ ਪੂਰੀਮ ਦੇ ਇਨ੍ਹਾਂ ਦਿਨਾਂ ਨੂੰ ਏਨ੍ਹਾਂ ਦੇ ਠਹਿਰਾਏ ਹੋਏ ਸਮਿਆਂ ਅਨੁਸਾਰ ਜਿਨ੍ਹਾਂ ਦਾ ਮਾਰਦਕਈ ਯਹੂਦੀ ਅਰ ਅਸਤਰ ਮਲਕਾ ਨੇ ਹੁਕਮ ਦਿੱਤਾ ਸੀ ਅਤੇ ਜਿਵੇਂ ਓਨ੍ਹਾਂ ਨੇ ਆਪਣੇ ਲਈ ਤੇ ਆਪਣੀ ਨਸਲ ਲਈ ਵਰਤ ਰੱਖਣ ਅਤੇ ਦੁਹਾਈ ਦੇਣ ਨੂੰ ਠਹਿਰਾਇਆ ਹੋਇਆ ਸੀ ਪੱਕਾ ਕਰ ਕੇ ਕਾਇਮ ਕਰਨ [32]ਅਸਤਰ ਦੇ ਹੁਕਮ ਨਾਲ ਪੂਰੀਮ ਦੀਆਂ ਇਹ ਗੱਲਾਂ ਪੱਕੀਆਂ ਕੀਤੀਆਂ ਗਈਆਂ ਅਤੇ ਪੋਥੀ ਵਿਚ ਲਿਖੀਆਂ ਹੋਈਆਂ।**

**ਆਇਤਾਂ 20, 21.** ਯਹੂਦੀਆਂ ਦੀ ਫ਼ਤਹਿ ਅਤੇ ਜਸ਼ਨ ਤੋਂ ਬਾਅਦ ਮਾਰਦਕਈ ਨੇ **ਇਨ੍ਹਾਂ ਗੱਲਾਂ ਨੂੰ ਲਿਖਿਆ** ਅਤੇ ਫਿਰ ਪੂਰੀ ਸਲਤਨਤ ਵਿਚ **ਸਾਰੇ ਯਹੂਦੀਆਂ ਨੂੰ ਪੱਤਰ ਘੱਲੇ** ਭਾਵ ਇੱਕੋ ਚਿੱਠੀ ਦੀਆਂ ਨਕਲਾਂ ਭੇਜੀਆਂ। ਕਈਆਂ ਦਾ ਵਿਚਾਰ ਹੈ ਕਿ ਮਾਰਦਕਈ ਦਾ ''ਇਨ੍ਹਾਂ ਗੱਲਾਂ'' ਨੂੰ ਲਿਖਣਾ ਉਸ ਦੇ ਅਸਤਰ ਦੀ ਕਿਤਾਬ ਦਾ ਲੇਖਕ ਹੋਣ ਵੱਲ ਇਸ਼ਾਰਾ ਕਰਦਾ ਹੈ, ਪਰ ਅਜਿਹਾ ਲਗਦਾ ਨਹੀਂ ਹੈ ਕਿ ਇਹ ਹਵਾਲਾ ਪੂਰੀ ਕਿਤਾਬ ਦੇ ਸਬੰਧ ਵਿਚ ਹੋਵੇ।

ਮਾਰਦਕਈ ਦੇ ਹੁਕਮ ਵਿਚ ਯਹੂਦੀਆਂ ਨੂੰ ਇਨ੍ਹਾਂ ਜਿੱਤਾਂ ਨੂੰ ਬਾਰ੍ਹਵੇਂ **ਮਹੀਨੇ ਦੀ ਚੌਧਵੀਂ ਅਰ ਪੰਦਰਵੀਂ ਤਾਰੀਖ** ਨੂੰ ਜਸ਼ਨ ਮਨਾਉਣ ਲਈ ਕਿਹਾ। ਮਾਈਕਲ ਵੀ. ਫ਼ੌਕਸ ਨੇ ਇਹ ਦਲੀਲ ਦਿੰਦਿਆਂ ਕਿ ਮਾਰਦਕਈ ਦਾ ਇਰਾਦਾ ਇਹ ਸੀ ਕਿ ''ਹਰ ਮੁਹੱਲਾ ਇਕ ਦਿਨ ਮਨਾਵੇ, ਜਦ ਕਿ ਸਭ ਲੋਕਾਂ ਨੂੰ ਦੋਵੇਂ ਦਿਨ ਮਨਾਏ ਜਾਂਦੇ ਮੰਨਿਆ ਜਾਂਦਾ ਹੈ'' ਇਕ ਬਦਲਵਾਂ ਵਿਚਾਰ ਦਿੱਤਾ।[9]

**ਆਇਤ 22.** ਉਨ੍ਹਾਂ ਦੇ ਅਨੰਦ ਮਨਾਉਣ ਦਾ ਕਾਰਣ ਸਾਫ਼ ਦਿੱਤਾ ਗਿਆ: ਕਿਉਂ ਜੋ **ਯਹੂਦੀਆਂ ਨੂੰ ਆਪਣਿਆਂ ਵੈਰੀਆਂ ਤੋਂ ਅਰਾਮ ਮਿਲਿਆ** ਸੀ। ''ਅਰਾਮ ਮਿਲਿਆ'' ਮੂਲ ਸ਼ਬਦ *nuach* (*ਨੁਆਕ*) ਤੋਂ ਲਿਆ ਗਿਆ ਹੈ ਜਿਸਦਾ ਅਨੁਵਾਦ ''ਤੋਂ ਖਹਿੜਾ ਛੁੱਟਾ'' (NASB) ''ਤੋਂ ਰਾਹਤ ਮਿਲੀ'' (NIV) ਵੀ ਹੋ ਸਕਦਾ ਹੈ। ਸੋਗ ਲਈ ਠਹਿਰਾਇਆ **ਮਹੀਨਾ** ਅਨੰਦ ਮਨਾਏ ਜਾਣ ਵਾਲੇ ਮਹੀਨੇ ਵਿਚ ਬਦਲ ਗਿਆ ਭਾਵ ਇਹ **ਗਮ ਤੋਂ ਖੁਸ਼ੀ ਵਿਚ ਅਰ ਰੋਣ ਪਿੱਟਣ ਤੋਂ ਇਕ ਸ਼ੁਭ ਦਿਨ ਵਿਚ ਬਦਲ ਗਿਆ** ਸੀ। ਮਾਰਦਕਈ ਨੇ ਆਖਿਆ ਕਿ ਉਹ ਮਿਲ ਕੇ **ਦਾਉਤ ਅਰ ਅਨੰਦ** ਮਨਾ ਕੇ, ਇਕ ਦੂਜੇ ਨੂੰ ਤੋਹਫ਼ੇ ਦੇ ਕੇ, ਪਰੋਪਕਾਰ ਦੇ ਕੰਮ ਕਰਕੇ ਸ਼ੁਭ ਦਿਨ ਮਨਾਉਣ।

**ਆਇਤ 23.** ਯਹੂਦੀਆਂ ਨੇ ਇਸ ਨਿਰਦੇਸ਼ ਦਾ ਜਵਾਬ ਸਕਾਰਾਤਮਕ ਢੰਗ ਨਾਲ ਦਿੱਤਾ ਅਤੇ ਉਵੇਂ ਹੀ ਕੀਤਾ **ਮਾਰਦਕਈ ਨੇ ਜਿਵੇਂ ਓਨ੍ਹਾਂ ਨੂੰ ਲਿਖਿਆ ਸੀ**। ਅਸਲ ਵਿਚ ਉਨ੍ਹਾਂ ਉਹੀ ਕਰਨਾ ਜਾਰੀ ਰੱਖਿਆ ਜੋ ਉਹ ਕਰ ਰਹੇ ਸਨ (**ਜਿਵੇਂ ਸ਼ੁਰੂ ਕੀਤਾ ਸੀ**)। ਮਾਰਦਕਈ ਦੀ ਚਿੱਠੀ ਨਾਲ ਜੋ ਰੀਤਾਂ ਉਹ ਪਹਿਲਾਂ ਤੋਂ ਮਨਾ ਰਹੇ ਸਨ ਉਨ੍ਹਾਂ ਦੀ ਤਸਦੀਕ ਹੋ ਗਈ, ਜੋ ਦੋਹਾਂ ਦਿਨਾਂ ਤੇ ਲਾਗੂ ਹੁੰਦੇ ਸਨ।

ਆਇਤ 21 ਵਿਚ ''ਕਾਇਮ ਕਰੇ'' ਜਾਂ ''ਮਨਾਉਣ'' (NKJV) ਇਬਰਾਨੀ ਸ਼ਬਦ *qum* (*ਕੁਮ*) ਤੋਂ ਲਿਆ ਗਿਆ ਹੈ ਜਿਸਦਾ ਹੋਰ ਕਿਤੇ ''ਅਰਥ 'ਹੁਕਮ, ਮੰਗ,' ਦੀ ਬਜਾਇ 'ਪ੍ਰਮਾਣਿਤ ਕਰਨਾ' ਜਾਂ 'ਪੱਕਾ ਕਰਨਾ''' ਹੈ (ਵੇਖੋ 9:27, 31; ਰੂਥ 4:7; ਜ਼ਬੂਰਾਂ 119:106; ਹਿਜ਼ਕੀਏਲ 13:6)।[10]

**ਆਇਤਾਂ 24, 25.** ਇਸ ਤੋਂ ਬਾਅਦ ਲੇਖਕ ਨੇ ਯਹੂਦੀਆਂ ਦੇ ਪਰਬ ਦੇ ਨਾਂਅ ਦੀ ਵਿਆਖਿਆ ਕੀਤੀ ਜਿਸ ਨੂੰ ਯਹੂਦੀ ਲੋਕ ਮਨਾ ਰਹੇ ਸਨ। ਸਭ ਯਹੂਦੀਆਂ ਨੂੰ ਘੱਲੇ ਆਪਣੇ ਖ਼ਤ ਵਿਚ ਹੋ ਸਕਦਾ ਹੈ ਕਿ ਉਸ ਨੇ ਮਾਰਦਕਈ ਦੇ ਲਿਖੇ ਸ਼ਬਦ ਹੀ ਵਰਤੇ ਹੋਣ।[11] ਪਹਿਲਾਂ ਉਹਨੇ ਯਹੂਦੀਆਂ ਅੱਗੇ ਆਏ ਖ਼ਤਰੇ ਨੂੰ ਸੰਕੇਤ ਵਿਚ ਦੱਸਿਆ। ਯਹੂਦੀਆਂ ਦੇ **ਦੂਤੀ ਦੁਸ਼ਮਣ ਹਾਮਾਨ ਨੇ** ਸਭ **ਯਹੂਦੀਆਂ ਨੂੰ ਨਾਸ ਕਰਨ ਦੀ ਗੋਸ਼ਟ ਕੀਤੀ**। ਉਹਦੀ ਯੋਜਨਾ ਵਿਚ ਉਹ ਦਿਨ ਜਿਸ ਦਿਨ ਯਹੂਦੀਆਂ ਦੀ ਨਸਲਕੁਸ਼ੀ ਕੀਤੀ ਜਾਣੀ ਸੀ, ਗੁਣੇ ਪਾ ਕੇ ਮਿਥਿਆ ਗਿਆ, ਜਿਹਦੇ ਲਈ **ਪੁਰ ਅਰਥਾਤ ਗੁਣੇ ਸੁੱਟੇ** ਗਏ **ਤਾਂ ਜੋ ਉਨ੍ਹਾਂ ਨੂੰ ਦੁਖ ਦੇਵੇ ਅਤੇ ਓਨ੍ਹਾਂ ਨੂੰ ਮਿਟਾ ਦੇਵੇ** (3:6, 7)।

ਪਰ ਯਹੂਦੀ ਬਚ ਗਏ ਸਨ ਕਿਉਂ ਜੋ ਹਾਮਾਨ ਦੀ ਚਾਲ **ਪਾਤਸ਼ਾਹ ਦੇ ਸਾਹਮਣੇ** ਆ ਗਈ (7:3–6)। ਅਹਸ਼ਵੇਰੋਸ਼ **ਨੇ ਪੱਤਰਾਂ ਦੇ ਰਾਹੀਂ ਹੁਕਮ ਦਿੱਤਾ ਕਿ** *[*ਹਾਮਾਨ ਦੇ*]* **ਬੁਰੇ ਮਤੇ ਨੂੰ . . . ਉਲਟਾ ਉਸ ਦੇ ਹੀ ਸਿਰ ਉੱਤੇ** ਪਾਇਆ ਜਾਵੇ **ਅਤੇ ਉਹ ਅਰ ਉਸ ਦੇ ਪੁੱਤਰ ਸੂਲੀ ਉੱਤੇ ਟੰਗੇ ਜਾਣ** (7:8–10; 9:6–10, 14)।

ਇਸ ਵਿਰਤਾਂਤ ਅਤੇ ਕਿਤਾਬ ਵਿਚ ਪਹਿਲਾਂ ਮਿਲੀ ਜਾਣਕਾਰੀ ਵਿਚ ਕੁਝ ਫ਼ਰਕ ਧਿਆਨ ਦਿੱਤੇ ਜਾਣ ਯੋਗ ਹਨ। ਇਸ ਸੰਖੇਪ ਸੰਸਕਰਣ ਵਿਚ ਪਹਿਲਾਂ ਵਾਲੇ ਵਿਰਤਾਂਤ ਨਾਲੋਂ ਬਾਦਸ਼ਾਹ ਨੂੰ ਵਧੇਰੇ ਸਿਹਰਾ ਦਿੱਤਾ ਗਿਆ ਹੈ। ''ਜਦ ਇਹ ਮਾਮਲਾ ਪਾਤਸ਼ਾਹ ਦੇ ਸਾਹਮਣੇ ਆਇਆ'' ਵਾਕ ਵਿੱਚੋਂ ਚਲਾਕੀ ਨਾਲ ਇਹ ਗੱਲ ਕੱਢ ਦਿੱਤੀ ਗਈ ਕਿ ਯਹੂਦੀਆਂ ਦੇ ਖਾਤਮੇ ਦਾ ਹੁਕਮ ਬਾਦਸ਼ਾਹ ਦੇ ਨਾਂਅ ਤੇ ਹੀ ਦਿੱਤਾ ਗਿਆ ਸੀ। ਇਸ ਵਿੱਚੋਂ ਇਹ ਵੀ ਗੱਲ ਕੱਢ ਦਿੱਤੀ ਗਈ ਕਿ ਜੇ ਅਸਤਰ ਉਸ ਦੇ ਸਾਹਮਣੇ ਜਾਣ ਦੀ ਹਿੰਮਤ ਨਾ ਕਰਦੀ (ਮਾਰਦਕਈ ਵੱਲੋਂ ਉਕਸਾਏ ਜਾਣ ਤੇ) ਤਾਂ ''ਪਾਤਸ਼ਾਹ ਦੇ ਸਾਹਮਣੇ'' ਗੱਲ ਆਉਣੀ ਹੀ ਨਹੀਂ ਸੀ। ਇਸ ਤੋਂ ਇਲਾਵਾ, ''ਗੁਣੇ'' ਪਾਉਣ ਨਾਲ ਯਹੂਦੀ ਪਰੇਸ਼ਾਨ ਨਹੀਂ ਹੋਏ ਸਨ ਅਤੇ ਨਾ ਹੀ ਉਹ ਖ਼ਤਮ ਹੋਏ, ਪਰ ਇਸ ਨਾਲ ਸਿਰਫ਼ ਉਹ ਦਿਨ ਤੈਅ ਹੋਇਆ ਸੀ ਜਿਸ ਦਿਨ ਉਨ੍ਹਾਂ ਉੱਤੇ ਹਮਲਾ ਕੀਤਾ ਜਾਣਾ ਸੀ। ਫਿਰ ਵੀ, ਇਸ ਨੂੰ ਉਸ ਯੋਜਨਾ ਨੂੰ ਲਾਗੂ ਕੀਤੇ ਜਾਣਾ ਕਿਹਾ ਜਾ ਸਕਦਾ ਹੈ ਜਿਸ ਨਾਲ ਉਨ੍ਹਾਂ ਦੀ ਬਰਬਾਦੀ ਹੋਣੀ ਸੀ। ਨਾਲੇ ਭਾਵੇਂ ਇਹ ਸਹੀ ਹੈ ਕਿ ਬਾਦਸ਼ਾਹ ਨੇ ਹਾਮਾਨ ਅਤੇ ਉਸ ਦੇ ਪੁੱਤਰਾਂ ਨੂੰ ਸੂਲੀ ਤੇ ਟੰਗਵਾਇਆ, ਪਰ ਉਨ੍ਹਾਂ ਦਾ ਟੰਗਿਆ ਜਾਣਾ ਇੱਕੋ ਸਮੇਂ ਨਹੀਂ ਹੋਇਆ। ਨਾ ਹੀ ਹਾਮਾਨ ਦੀ ਮੌਤ ਪੂਰੀ ਤਰ੍ਹਾਂ ਨਾਲ ਯਹੂਦੀਆਂ ਦੇ ਖ਼ਿਲਾਫ਼ ਉਹਦੇ ਹੁਕਮ ਦੇ ਖ਼ਿਲਾਫ਼ ਹੋਈ ਕਿਉਂਕਿ ਮਲਕਾ ਉੱਤੇ ਉਹਦੇ ਮੰਨ ਲਏ ਗਏ ਹਮਲੇ ਦੇ ਕਾਰਣ ਇਸ ਦਾ ਹੁਕਮ ਦਿੱਤਾ ਗਿਆ ਸੀ। ਇਨ੍ਹਾਂ ਫ਼ਰਕਾਂ ਨੂੰ ਦੋ ਮਾਨਤਾਵਾਂ ਨਾਲ ਸਮਝਾਇਆ ਜਾ ਸਕਦਾ ਹੈ: (1) ਲੇਖਕ ਓਨੀ ਕੁ ਜਾਣਕਾਰੀ ਦੇ ਕੇ ਜਿੰਨੀ ਕੁ ਉਹਦੇ ਮਕਸਦ ਲਈ ਜ਼ਰੂਰੀ ਸੀ, ਕਹਾਣੀ ਦਾ ਸਹੀ ਸਹੀ ਪਰ ਅਧੂਰਾ ਸਾਰ ਦੇ ਰਿਹਾ ਸੀ। (2) ਬਾਦਸ਼ਾਹ ਨੂੰ ਵੱਧ ਤੋਂ ਵੱਧ ਚੰਗਾ ਲੱਗਣਾ (ਅਤੇ ਯਹੂਦੀਆਂ ਨੂੰ ਬਚਾਉਣ ਵਿਚ ਮਾਰਦਕਈ ਦੀ ਆਪਣੀ ਭੂਮਿਕਾ ਦੀ ਕਿਸੇ ਵੀ ਗੱਲ ਨੂੰ ਕੱਢ ਦੇਣ) ਮਾਰਦਕਈ (ਅਤੇ ਯਹੂਦੀਆਂ) ਦਾ ਭਲਾ ਸੀ।[12]

**ਆਇਤਾਂ 26, 27.** ਜ਼ਾਹਿਰ ਤੌਰ ਤੇ ਲੇਖਕ ਨੇ ਮਾਰਦਕਈ ਦੇ **ਪੱਤਰ** ਵਿਚਲੇ ਵੇਰਵੇ ਨੂੰ ਇਕ ਪਾਸੇ ਕਰਕੇ, ਫਿਰ ਦੱਸਿਆ ਕਿ **ਇਨ੍ਹਾਂ ਦਿਨਾਂ** (ਅਦਾਰ ਮਹੀਨੇ ਦੀ ਚੌਦ੍ਹਵੀਂ ਅਤੇ ਪੰਦ੍ਹਰਵੀਂ ਤਰੀਕ **ਨੂੰ ਪੂਰੀਮ** ਆਖਿਆ ਜਾਂਦਾ ਸੀ; 9:21) ਇਸ **ਨਾਉਂ** ਤੋਂ **ਪੂਰਾ** ਦੇ ਪ੍ਰਭਾਵ ਦੀ ਝਲਕ ਮਿਲਦੀ ਹੈ ਜਿਹੜਾ ਹਾਮਾਨ ਨੇ ਪਾਇਆ (3:7)। ਇਬਰਾਨੀ ਵਿਚ *purim* (*ਪੂਰੀਮ*) ਪੂਰ (*pur*) ਦਾ ਬਹੁਵਚਨ ਰੂਪ ਹੈ।

ਮਾਰਦਕਈ ਦੇ ਪੱਤਰ ਵਿਚ ਯਹੂਦੀਆਂ ਦੇ ਆਪਣੇ ਛੁਟਕਾਰੇ ਦਾ ਜਸ਼ਨ ਮਨਾਏ ਜਾਣ ਦੀ ਨਿੱਜੀ

ਇੱਛਾ ਉੱਤੇ ਜ਼ੋਰ ਦਿੱਤਾ ਗਿਆ। **ਜੋ ਓਨ੍ਹਾਂ ਡਿੱਠਾ** ਅਤੇ **ਜੋ ਕੁੱਝ ਓਨ੍ਹਾਂ ਨਾਲ ਬੀਤਿਆ** ਉਹਦੇ ਕਰਕੇ ਉਨ੍ਹਾਂ ਨੇ ਉਸ ਤਜਰਬੇ ਨੂੰ ਨਹੀਂ ਭੁੱਲਣਾ ਸੀ। ਪਰ ਯਹੂਦੀਆਂ ਦੇ ਨਾਂਅ ਮਾਰਦਕਈ ਦੀ ਚਿੱਠੀ ਨਾਲ ਯਾਦਗਾਰੀ ਭੋਜ ਦੇ ਰੂਪ ਵਿਚ ਉਨ੍ਹਾਂ ਵੱਲੋਂ ਜਸ਼ਨ ਮਨਾਇਆ ਜਾਣਾ **ਕਾਇਮ** ਅਤੇ **ਅਟਲ** ਕੀਤਾ ਗਿਆ। ਆਪਣੇ ਸਾਥੀਆਂ ਦੇ ਨਾਲ ਉਹ ਵੀ **ਇਨ੍ਹਾਂ ਦੋਹਾਂ ਦਿਨਾਂ ਨੂੰ ਵਰ੍ਹੇ ਦੇ ਵਰ੍ਹੇ** ਮਨਾਉਂਦੇ ਸਨ।

**ਉਨ੍ਹਾਂ ਸਾਰਿਆਂ ... ਜਿਹੜੇ ਓਨ੍ਹਾਂ ਦੇ ਨਾਲ ਮਿਲ ਗਏ** ਵਾਕ ਅੰਸ਼ ਯਹੂਦੀ ਬਣਨ ਵਾਲਿਆਂ ਲਈ ਕਿਹਾ ਗਿਆ ਹੈ (8:16, 17 ਤੇ ਟਿੱਪਣੀਆਂ ਵੇਖੋ)। ਇਹ ਵੀ ਸੰਭਵ ਹੈ ਕਿ ਕੁਝ ਗੈਰਕੌਮਾਂ ਨੇ ਬਿਨਾਂ ਯਹੂਦੀ ਬਣੇ ਯਹੂਦੀ ਵਿਸ਼ਵਾਸ ਨੂੰ ਕਬੂਲ ਕਰ ਲਿਆ ਸੀ ਅਤੇ ਉਹ ਉਨ੍ਹਾਂ ਦੇ ਨਾਲ ਰਲ ਗਏ; ਅਜਿਹੇ ਲੋਕਾਂ ਨੂੰ ਬਾਅਦ ਵਿਚ ''ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ'' ਕਿਹਾ ਗਿਆ।

ਇਸ ਕਰਕੇ ਕਿਤਾਬ ਵਿਚ ਇਸ ਗੱਲ ਦਾ ਇਤਹਾਸ ਮਿਲਦਾ ਹੈ ਕਿ ਪੂਰੀਮ ਦਾ ਪਰਬ ਕਿਵੇਂ ਸ਼ੁਰੂ ਹੋਇਆ। ਭਾਵੇਂ ਕਿਤਾਬ ਦਾ ਮੁੱਖ ਉਦੇਸ਼ ਇਹ ਦੱਸਣਾ ਨਾ ਹੋਵੇ ਪਰ ਇਸ ਨਾਲ ਇਹ ਮਕਸਦ ਪੂਰਾ ਜ਼ਰੂਰ ਹੁੰਦਾ ਹੈ। ਕਿਤਾਬ ਦੇ ਆਖ਼ਰੀ ਹਿੱਸੇ ਵਿਚ, ''ਪਹਿਲੀ ਕਹਾਣੀ ਵਿਚ ਪਰਬ ਦੇ ਮਨਾਏ ਜਾਣ ਦਾ ਸਮਰਥਨ ਕਰਦੇ ਜ਼ੋਰ ਦਿੱਤਾ ਗਿਆ ਹੈ ਜਿਸ ਦਾ ਪੁਰਾਣੇ ਨੇਮ ਦੀ ਸ਼ਰ੍ਹਾ ਵਿਚ ਕੋਈ ਇਖ਼ਤਿਆਰ ਨਹੀਂ ਸੀ, ਅਤੇ ਇਸ ਦਾ ਨਾਂਅ ਕਿਤਾਬ ਵਿਚਲੀਆਂ ਦਰਜ ਘਟਨਾਵਾਂ ਨਾਲ ਜੁੜਿਆ ਹੈ।'' ਪੂਰੀਮ ਨੂੰ ਬਾਈਬਲ ਦੇ ਕੈਨਨ ਦਾ ਇਖ਼ਤਿਆਰ ਨਹੀਂ ਸੀ, ਇਸ ਕਰਕੇ ''ਇਸ ਨੂੰ ਮਾਰਦਕਈ ਅਤੇ ਅਸਤਰ ਦੀ ਸਾਂਝੀ ਚਿੱਠੀ ਨਾਲ ਪੱਕਾ ਕੀਤਾ ਗਿਆ ਹੈ, ਜਿਨ੍ਹਾਂ ਨੂੰ ਇਕ ਖ਼ਾਸ ਇਖ਼ਤਿਆਰ ਵਾਲੇ ਦੱਸਿਆ ਗਿਆ ਹੈ, ਇਕ ਨੂੰ ਅਹਸ਼ਵੇਰੋਸ਼ ਦੀ 'ਸ਼ਕਤੀ ਅਤੇ ਤਾਕਤ' ਨਾਲ ਜੋੜਿਆ ਗਿਆ ਹੈ ਅਤੇ ਦੂਜੇ ਨੂੰ ਰਾਣੀ ਨਾਲ।''[13]

**ਆਇਤ 28.** ਨਾਲੇ ਹੁਕਮ ਪਰਬ ਦੇ ਸਬੰਧ ਵਿਚ ਜਾਰੀ ਕੀਤੇ ਗਏ। (ਸਾਫ਼ ਹੈ ਕਿ ਲੇਖਕ ਫੇਰ ਤੋਂ ਮਾਰਦਕਈ ਦੇ ਸ਼ਬਦ ਦੁਹਰਾ ਰਿਹਾ ਸੀ।) ਅੱਗੇ ਤੋਂ ਸਭ **ਯਹੂਦੀਆਂ** ਨੇ ਭਾਵੇਂ ਉਹ ਜਿੱਥੇ ਵੀ ਰਹਿੰਦੇ ਹੋਣ, ਜਿਸ ਵੀ **ਟੱਬਰ** ਵਿੱਚੋਂ ਹੋਣ, ਹਰ ਥਾਂ ਪਰਬ ਨੂੰ ਮਨਾਉਣਾ ਸੀ। ਹੁਕਮ ਦਾ ਮਕਸਦ ਇਹ ਪੱਕਾ ਕਰਨਾ ਸੀ ਕਿ ਯਹੂਦੀ ਲੋਕ **ਪੂਰੀਮ ਦੇ** ਪਰਬ ਨੂੰ ਮਨਾਉਂਦੇ ਰਹਿਣ, ਪਰ ਪਰਬ ਦਾ ਮਕਸਦ ਇਹ ਯਕੀਨੀ ਬਣਾਉਣਾ ਸੀ ਕਿ ਉਹ ਉਨ੍ਹਾਂ ਘਟਨਾਵਾਂ ਨੂੰ ਨਾ ਭੁੱਲਣ ਜਿਨ੍ਹਾਂ ਨੂੰ ਪੂਰੀਮ ਯਾਦ ਕਰਵਾਉਂਦਾ ਸੀ। ਉਨ੍ਹਾਂ ਦੇ ਛੁਟਕਾਰੇ ਦੀ **ਯਾਦ ਉਨ੍ਹਾਂ ਦੀ ਨਸਲ** (*zera'*, *ਜ਼ੇਰਾ*) ਜਾਂ ''ਅੰਸ'' (KJV) ਵਿੱਚੋਂ ਕਦੇ **ਜਾਂਦੀ** ਨਹੀਂ ਰਹਿਣੀ ਸੀ।

**ਆਇਤ 29.** ਭਾਵੇਂ **ਮਾਰਦਕਈ** ਪ੍ਰਧਾਨ ਮੰਤਰੀ ਸੀ ਅਤੇ ਉਹ ਬਾਦਸ਼ਾਹ ਦੀ ਸ਼ਾਹੀ ਅੰਗੂਠੀ ਨਾਲ ਮੋਹਰ ਲਾ ਸਕਦਾ ਸੀ, ਪਰ ਉਸ ਦੀ ਚਿੱਠੀ ਨੂੰ **ਅਸਤਰ ਮਲਕਾ** ਦੇ ਹਸਤਾਖਰ ਕੀਤੇ ਪੱਤਰ ਨਾਲ ਪੱਕਾ ਕੀਤਾ ਗਿਆ। ਉਸ ਦੀ ਆਪਣੀ ਚਿੱਠੀ ਉੱਤੇ ਵਾਧੂ ਸ਼ਾਹੀ **ਇਖ਼ਤਿਆਰ** ਨਾਲ ਉਸ ਦੀ ਅਹਿਮੀਅਤ ਤੇ ਅਤੇ **ਪੂਰੀਮ** ਨਾਲ ਸਬੰਧਿਤ ਹੁਕਮ ਦੇ ਪੱਕਾ ਹੋਣ ਉੱਤੇ ਜ਼ੋਰ ਦਿੱਤਾ ਗਿਆ।

ਇਹ ਪੱਕਾ ਪਤਾ ਨਹੀਂ ਹੈ ਕਿ ਉਸ **ਦੂਜੇ ਪੱਤਰ** ਦਾ ਕੀ ਮਤਲਬ ਹੈ ਜਿਹੜਾ ਰਸਮ ਦੇ ਪੱਕਾ ਹੋਣ ਲਈ ਲਿਖਿਆ ਗਿਆ ਸੀ। ਸ਼ਾਇਦ ਇਹ 9:30, 31 ਵਿਚਲੇ ਪੱਤਰ ਵਿਹਾਰ ਨੂੰ ਕਿਹਾ ਗਿਆ ਹੈ। ਇਹ ਕਵਰ ਨੋਟ ਜਾਂ ਵਿਆਖਿਆ ਦੇਣ ਲਈ ਖ਼ਤ ਹੋ ਸਕਦਾ ਹੈ ਜਿਹੜਾ ਮਾਰਦਕਈ ਦੇ ਹੁਕਮ ਦੇ ਨਾਲ ਦਿੱਤਾ ਗਿਆ।

**ਆਇਤਾਂ 30, 31. ਪੱਤਰ** (ਇੱਕੋ ਚਿੱਠੀ ਦੀਆਂ ਨਕਲਾਂ) ਜਿਹੜਾ **ਇਕ ਸੌ ਸਤਾਈ ਸੂਬਿਆਂ ਵਿਚ** ਘੱਲਿਆ ਗਿਆ, ਵਿਚ ਉਨ੍ਹਾਂ ਦੇ ਪਾਉਣ ਵਾਲਿਆਂ ਦੀ **ਸ਼ਾਂਤੀ ਅਰ ਸਚਿਆਈ** ਦੀ ਦੁਆ ਕੀਤੀ ਗਈ। ਇਹ ਦਸਤਾਵੇਜ਼ **ਯਹੂਦੀਆਂ** ਵਿਚ **ਪੂਰੀਮ ਦੇ ਇਨ੍ਹਾਂ ਦਿਨਾਂ ਨੂੰ ਏਨ੍ਹਾਂ ਦੇ ਠਹਿਰਾਏ ਹੋਏ ਸਮਿਆਂ ਅਨੁਸਾਰ ਕਾਇਮ ਕਰਨ** ਲਈ ਵੰਡਿਆ ਗਿਆ। ਇਸ ਵਿਚ ਜ਼ੋਰ ਦਿੱਤਾ ਗਿਆ ਕਿ ਇਹ ਉਸ **ਹੁਕਮ** ਦੇ ਮੁਤਾਬਕ ਸੀ ਜਿਹੜਾ **ਮਾਰਦਕਈ ਯਹੂਦੀ ਅਰ ਅਸਤਰ ਮਲਕਾ ਨੇ ਦਿੱਤਾ ਸੀ ਅਤੇ ਜਿਵੇਂ ਓਨ੍ਹਾਂ**

**ਨੇ ਆਪਣੇ ਲਈ ਠਹਿਰਾਇਆ** ਸੀ। ਲਾਜ਼ਮੀ ਤੌਰ ਤੇ ਇਹ ਜ਼ਰੂਰੀ ਹੋ ਗਿਆ ਕਿ ਖ਼ੁਦਾ ਦੇ ਲੋਕਾਂ ਦੇ ਕਤਲੇਆਮ ਟਲ ਜਾਣ ਤੋਂ ਬਾਅਦ ਉਨ੍ਹਾਂ ਦੇ ਛੁਟਕਾਰੇ ਦਾ ਸੁਭਾਵਕ ਜਸ਼ਨ ਮਨਾਇਆ ਜਾਵੇ ਜਿਹੜਾ **ਉਨ੍ਹਾਂ ਨੇ ਆਪਣੇ ਲਈ ਠਹਿਰਾਇਆ ਸੀ**। ਪੂਰੀਮ ਨਾਲ (ਸੰਬਧਿਤ **ਹੁਕਮ** *dabar,* ''ਗੱਲ'') ਉਵੇਂ ਹੀ ਅੱਗੇ ਦਿੱਤੇ ਜਾਣੇ ਸਨ ਜਿਵੇਂ **ਵਰਤ ਰੱਖਣ ਅਤੇ ਦੁਹਾਈ ਦੇਣ** ਦੇ ਉਨ੍ਹਾਂ ਦੇ ਹੋਰ ਸਮੇਂ ਪੀੜ੍ਹੀਆਂ ਤੋਂ ਚਲਦੇ ਆ ਰਹੇ ਸਨ। ''ਵਰਤ ਰੱਖਣ ਅਤੇ ਦੁਹਾਈ ਦੇਣ'' ਯਰੂਸ਼ਲਮ ਦੀ ਬਰਬਾਦੀ ਨਾਲ ਸਬੰਧਿਤ ਰਵਾਇਤੀ ਮਨਾਏ ਜਾਣ ਨੂੰ ਕਿਹਾ ਗਿਆ ਹੋ ਸਕਦਾ ਹੈ (ਜ਼ਕਰਯਾਹ 7:5; 8:19)। ਇਕ ਹੋਰ ਸੁਝਾਅ ਹੈ ਕਿ ਭਾਸ਼ਾ 4:3, 16 ਨੂੰ ਯਾਦ ਦੁਆਉਂਦੀ ਹੋਈ, ਪੂਰੀਮ ਦੇ ਪਹਿਲਾਂ ਵਾਲੇ ਸਮੇਂ ਦੇ ਰੋਜ਼ੇ ਵੱਲ ਇਸ਼ਾਰਾ ਕਰਦੀ ਹੈ। ਪੱਤਰ ਵਿਚ ਕਿਹਾ ਗਿਆ ਕਿ ਯਹੂਦੀ ਪਰੰਪਰਾ ਵਿਚ ਰੋਜ਼ਾ ਰੱਖਣ ਅਤੇ ਵਿਰਲਾਪ ਕਰਨ ਦੇ ਨਾਲ ਨਾਲ ਅਨੰਦ ਅਤੇ ਪਰਬ ਮਨਾਉਣਾ (ਜੋ ਕਿ ਪੂਰੀਮ ਵਾਲੇ ਦਿਨ ਪੈਂਦਾ ਸੀ) ਸ਼ਾਮਿਲ ਹੋਵੇ।

**ਆਇਤ 32. ਪੂਰੀਮ** ਦੇ ਪਰਬ ਦੇ ਸ਼ੁਰੂ ਹੋਣ ਦੀ ਕਹਾਣੀ ਇਸ ਗੱਲ ਨਾਲ ਖ਼ਤਮ ਹੁੰਦੀ ਹੈ ਕਿ ਪਰਬ ਅਤੇ ਇਸ ਦੀਆਂ **ਗੱਲਾਂ** (*dabar,* ਤੋਂ ''ਗੱਲ'') **ਅਸਤਰ ਦੇ ਹੁਕਮ** ਨਾਲ **ਪੱਕੀਆਂ ਕੀਤੀਆਂ ਗਈਆਂ**। ਇਸ ਤੋਂ ਇਲਾਵਾ ਇਹ ਆਗਿਆਵਾਂ **ਪੋਥੀ ਵਿਚ ਲਿਖੀਆਂ ਗਈਆਂ**। ਕਿਸ ਪੋਥੀ ਵਿਚ? ਆਮ ਵਿਆਖਿਆ ਇਹ ਹੈ ਕਿ ਅਸਤਰ ਦੀਆਂ ਗੱਲਾਂ ਫ਼ਾਰਸ ਦੇ ਸਰਕਾਰੀ ਇਤਹਾਸ ਵਿਚ ਦਰਜ ਕੀਤੀਆਂ ਗਈਆਂ। ਇਕ ਹੋਰ ਸੰਭਾਵਨਾ ਇਹ ਹੈ ਕਿ ''ਪੋਥੀ'' ਅਸਤਰ ਦੀ ਕਿਤਾਬ ਨੂੰ ਕਿਹਾ ਗਿਆ ਹੈ, ਜਿਹੜੀ ਅਧਿਕਾਰਿਕ, ਜਾਂ ਘੱਟੋ-ਘੱਟ ਅਰਧ-ਅਧਿਕਾਰਿਕ ਰਿਕਾਰਡ ਹੋਵੇਗੀ। ਸ਼ਾਇਦ ਇਹ ਫ਼ਾਰਸੀਆਂ ਦੇ ਫ਼ਾਇਦੇ ਲਈ, ਸਲਤਨਤ ਵਿਚ ਯਹੂਦੀਆਂ ਦੀ ਭੂਮਿਕਾ ਨੂੰ ਦੱਸਣ ਲਈ ਲਿਖੀ ਗਈ ਸੀ।

## ਪ੍ਰਸੰਗਿਕਤਾ

**ਭੂਮਿਕਾਵਾਂ ਦਾ ਉਲਟ ਪੁਲਟ ਹੋ ਜਾਣਾ** (9:1)

NASB ਵਿਚ, ਅਸਤਰ 9:1 ਵਿਚ ਕਿਹਾ ਗਿਆ ਹੈ ਕਿ ''ਉਸ ਦਿਨ ਜਦ ਯਹੂਦੀਆਂ ਦੇ ਵੈਰੀਆਂ ਨੂੰ ਉਮੀਦ ਸੀ ਕਿ ਉਹ ਉਨ੍ਹਾਂ ਉੱਤੇ ਜ਼ੋਰ ਪਾ ਲੈਣਗੇ, *ਉਲਟਾ ਹੋ ਗਿਆ* ਜਿਸ ਨਾਲ ਯਹੂਦੀਆਂ ਨੇ ਉਨ੍ਹਾਂ ਉੱਤੇ ਜ਼ੋਰ ਪਾ ਲਿਆ ਜਿਹੜੇ ਉਨ੍ਹਾਂ ਤੋਂ ਘਿਣ ਕਰਦੇ ਸਨ।'' ''ਉਲਟਾ ਹੋ ਗਿਆ'' ਦੀ ਬਜਾਇ ESV ਵਿਚ ਕਿਹਾ ਗਿਆ ਹੈ ਕਿ ''ਉਲਟਾ ਹੋ ਗਿਆ'' ਅਤੇ NIV ਵਿਚ ''ਪਾਸਾ ਪੁੱਠਾ ਪੈ ਗਿਆ'' ਹੈ।

ਭੂਮਿਕਾਵਾਂ ਉਲਟ ਪੁਲਟ ਹੋ ਗਈਆਂ ਸਨ। ਕਿੱਥੇ ਉਨ੍ਹਾਂ ਦੇ ਦੁਸ਼ਮਣ ਹਾਵੀ ਸਨ, ਪਰ ਹੁਣ ਯਹੂਦੀ ਉਨ੍ਹਾਂ ਉੱਤੇ ਹਾਵੀ ਹੋ ਗਏ ਸਨ। ਤਕਰੀਬਨ ਤਕਰੀਬਨ ਇਸੇ ਤਰ੍ਹਾਂ, ਹਾਮਾਨ ਨੂੰ, ਜਿਸ ਨੂੰ ਬਾਦਸ਼ਾਹ ਵੱਲੋਂ ਤਰੱਕੀ ਦਿੱਤੀ ਗਈ ਸੀ, ਉਸ ਵੱਲੋਂ ਅਖ਼ੀਰ ਵਿਚ ਉਸ ਨੂੰ ਫਾਂਸੀ ਦੇ ਦਿੱਤੀ ਗਈ; ਅਤੇ ਮਾਰਦਕਈ, ਜਿਹੜਾ ਹਾਮਾਨ ਦੀ ਨਫ਼ਰਤ ਦਾ ਨਿਸ਼ਾਨਾ ਸੀ ਨੇ ਪ੍ਰਧਾਨ ਮੰਤਰੀ ਦੇ ਤੌਰ ਤੇ ਹਾਮਾਨ ਦੀ ਥਾਂ ਲੈ ਲਈ।

ਭੂਮਿਕਾਵਾਂ ਦੇ ਉਲਟ ਪੁਲਟ ਹੋ ਜਾਣ ਦੀਆਂ ਹੋਰ ਉਦਾਹਰਣਾਂ ਬਾਈਬਲ ਵਿਚ ਮਿਲਦੀਆਂ ਹਨ। ਯੂਸੁਫ਼ ਨਾਲ ਉਹਦੇ ਭਰਾਵਾਂ ਵੱਲੋਂ ਨਫ਼ਰਤ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਨੇ ਉਸ ਨੂੰ ਗੁਲਾਮੀ ਵਿਚ ਵੇਚ ਦਿੱਤਾ; ਪਰ ਅਖ਼ੀਰ ਵਿਚ ਉਨ੍ਹਾਂ ਨੇ ਉਹਦੇ ਅੱਗੇ ਸਿਰ ਝੁਕਾਇਆ (ਉਤਪਤ 37:28; 42:6)। ਮੂਸਾ ਨੂੰ ਉਸ ਦੇ ਇਬਰਾਨੀ ਭਰਾਵਾਂ ਵੱਲੋਂ ''ਛੱਡ ਦਿੱਤਾ ਗਿਆ'' ਸੀ ਜਿਨ੍ਹਾਂ ਨੇ ਆਖਿਆ, ''ਤੈਨੂੰ ਕਿਹਨੇ *[ਸਾਡੇ ਉੱਤੇ]* ਹਾਕਮ ਅਤੇ ਨਿਆਈਂ ਬਣਾਇਆ?'' ਪਰ ਉਹ ਤਾਂ ''ਖ਼ੁਦਾ ਵੱਲੋਂ ਹਾਕਮ ਅਤੇ ਛੁਟਕਾਰਾ ਦੇਣ ਵਾਲਾ ਘੱਲਿਆ'' ਗਿਆ ਸੀ (ਕਰਤੱਬ 7:35; ਵੇਖੋ ਕੂਚ 2:14; 3:10)।

ਲੂਕਾ 16:19–31 ਦੇ ਮੁਤਾਬਕ, ਇਕ ਅਮੀਰ ਆਦਮੀ ਜ਼ਿੰਦਗੀ ਦੀਆਂ ਚੰਗੀਆਂ ਚੀਜ਼ਾਂ ਦਾ ਅਨੰਦ ਮਾਣਦਾ ਸੀ ਅਤੇ ਮੰਗਤੇ ਲਾਜ਼ਰ ਕੋਲ ਕੁਝ ਨਹੀਂ ਸੀ; ਪਰ ਮੌਤ ਤੋਂ ਬਾਅਦ ਅਮੀਰ ਆਦਮੀ ਦੁਖੀ ਸੀ, ਜਦਕਿ ਲਾਜ਼ਰ ਨੂੰ ਤਸੱਲੀ ਦਿੱਤੀ ਗਈ ਸੀ। ਇਹ ਆਖਦਿਆਂ ਕਿ ਸੋਗ ਕਰਨ ਵਾਲੇ ਸ਼ਾਂਤੀ ਪਾਉਣਗੇ, ਹਲੀਮ ਧਰਤੀ ਦੇ ਵਾਰਿਸ ਹੋਣਗੇ ਅਤੇ ਭੁੱਖੇ ਰਜਾਏ ਜਾਣਗੇ (ਮੱਤੀ 5:4–6), ਯਿਸੂ ਨੇ ਦੱਸਿਆ ਕਿ ਉਸ ਦੇ ਚੇਲਿਆਂ ਦੀਆਂ ਭੂਮਿਕਾਵਾਂ ਉਲਟ ਪੁਲਟ ਹੋ ਜਾਣਗੀਆਂ, ਅਤੇ ਆਪਣੀ ਜਾਨ ਗੁਆ ਦੇਣ ਵਾਲਾ ਚੇਲਾ ਇਸ ਨੂੰ ਬਚਾਵੇਗਾ (ਮੱਤੀ 16:25)।

ਰਸੂਲਾਂ ਨੇ ਭੂਮਿਕਾ ਦੇ ਸਭ ਤੋਂ ਵੱਡੇ ਬਦਲਾਅ ਦਾ ਪ੍ਰਚਾਰ ਕੀਤਾ। ਯਿਸੂ ਨੂੰ ਯਹੂਦੀਆਂ ਵੱਲੋਂ ਸਲੀਬ ਦੇ ਦਿੱਤਾ ਗਿਆ ਸੀ ਪਰ ਉਸ ਨੂੰ ਖ਼ੁਦਾ ਵੱਲੋਂ ਮੁਰਦਿਆਂ ਵਿੱਚੋਂ ਜ਼ਿੰਦਾ ਕਰਕੇ ਸੁਰਗ ਵਿਚ ਵਡਿਆਈ ਦਿੱਤੀ ਗਈ! ਪਤਰਸ ਨੇ ਆਖਿਆ, ''ਇਸੇ ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪਰਮੇਸ਼ੁਰ ਨੇ ਓਸੇ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਕੀਤਾ'' (ਕਰਤੱਬ 2:36)। ਉਹ ''ਮਨੁੱਖਾਂ ਕੋਲੋਂ ਤਾਂ ਰੱਦਿਆ ਗਿਆ, ਪਰੰਤੂ ਪਰਮੇਸ਼ੁਰ ਦੇ ਭਾਣੇ ਚੁਣਿਆ ਹੋਇਆ ਅਤੇ ਅਮੋਲਕ ਹੈ'' (1 ਪਤਰਸ 2:4)। ਉਸ ਨੇ ਤੇਜ ਦੇ ਤਾਜ ਲਈ ਕੰਡਿਆਂ ਦਾ ਤਾਜ ਪਾ ਲਿਆ, ਅਤੇ ਜਿਸਦਾ ਨਿਆਂ ਮਨੁੱਖਾਂ ਵੱਲੋਂ ਕੀਤਾ ਗਿਆ ਸੀ ਇਕ ਦਿਨ ਉਹ ਸਾਰੀ ਮਨੁੱਖ ਜਾਤੀ ਦਾ ਨਿਆਂ ਕਰੇਗਾ।

ਉਨ੍ਹਾਂ ਲਈ ਜਿਹੜੇ ਅੱਜ ਆਪਣੇ ਆਪ ਨੂੰ ਵਿਸਾਰੇ ਗਏ, ਦੱਬੇ ਕੁਚਲੇ, ਜਾਂ ਸਤਾਏ ਗਏ ਮੰਨਦੇ ਹਨ, ਇਹ ਖੁਸ਼ੀ ਦੀ ਖ਼ਬਰ ਹੈ ਕਿ ਇਕ ਦਿਨ ਇਹ ਭੂਮਿਕਾਵਾਂ ਉਲਟ ਪੁਲਟ ਜਾਣਗੀਆਂ। ਅਸਤਰ ਦੇ ਸਮੇਂ ਦੇ ਯਹੂਦੀਆਂ ਵਾਂਗ, ਸੰਸਾਰ ਵੱਲੋਂ ਜ਼ੋਰ ਮਾਰੇ ਜਾਣ ਦੀ ਬਜਾਇ ਉਹ ਸੰਸਾਰ ਉੱਤੇ ਜ਼ੋਰ ਪਾ ਸਕਦੇ ਹਨ। ਮਸੀਹੀ ਲੋਕਾਂ ਦੇ ਰੂਪ ਵਿਚ, ਯਿਸੂ ਮਸੀਹ ਦੇ ਰਾਹੀਂ ਅਸੀਂ ''ਹੱਦੋਂ ਵੱਧ ਫ਼ਤਹਿ ਪਾਉਂਦੇ ਹਾਂ'' (ਰੋਮੀਆਂ 8:37; KJV)। ਇਹ ਜਾਣਦੇ ਹੋਏ ਕਿ ''ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਉੱਤੇ ਕਿਰਪਾ ਕਰਦਾ ਹੈ'' ਅਸੀਂ ਅਨੰਦ ਕਰ ਸਕਦੇ ਹਾਂ (ਯਾਕੂਬ 4:6)। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਆਮ ਲੋਕ, ਗ਼ਰੀਬ, ਖੁਸ਼ੀ ਨਾਲ ਯਿਸੂ ਦੀ ਸੁਣਦੇ ਅਤੇ ਰਸੂਲਾਂ ਦੇ ਸੰਦੇਸ਼ ਨੂੰ ਖੁਸ਼ੀ ਨਾਲ ਮੰਨਦੇ ਸਨ!

### **''ਅਨੰਦ ਕਰਨ ਲਈ ਸ਼ੁੱਭ ਦਿਨ''** (9:19, 22)

ਯਹੂਦੀਆਂ ਨੇ ਆਪਣੇ ਛੁਟਕਾਰੇ ਦਾ ਜਸ਼ਨ ਉਸ ਦਿਨ ਨਾਲ ਮਨਾਇਆ ਜਿਸ ਨੂੰ ''ਅਨੰਦ ਅਰ ਦਾਉਤ ਦਾ ਦਿਨ ਨਾਲੇ ਇਕ ਸ਼ੁਭ ਦਿਨ ਇਕ ਦੂਜੇ ਨੂੰ ਛਾਂਦਾ ਘੱਲਣ'' (9:19) ਦਾ ਦਿਨ ਕਿਹਾ ਗਿਆ ਹੈ। ਬਾਅਦ ਵਿਚ ਉਨ੍ਹਾਂ ਨੂੰ ''ਦਾਉਤ ਦਾ ਦਿਨ ਅਰ ਅਨੰਦ ਦਾ ਦਿਨ ਅਤੇ ਇਕ ਦੂਜੇ ਨੂੰ ਛਾਂਦਾ ਘੱਲਣ ਦਾ ਦਿਨ ਅਤੇ ਗ਼ਰੀਬਾਂ ਨੂੰ ਇਨਾਮ ਦੇਣ ਦਾ ਦਿਨ'' ਮਨਾਉਣ ਲਈ ਆਖਿਆ ਗਿਆ (9:22)।

ਪੂਰੀਮ ਦਾ ਪਰਬ ਮਨਾਉਣ ਲਈ ਸ਼ਰ੍ਹਾ ਵਿਚ ਨਹੀਂ ਕਿਹਾ ਗਿਆ ਸੀ, ਪਰ ਇਹ ਯਹੂਦੀਆਂ ਵਿਚ ਇਕ ਖ਼ਾਸ ਸਾਲਾਨਾ ਸ਼ੁੱਭ ਦਿਨ ਬਣ ਗਿਆ। ਬੇਸ਼ੱਕ, ਮਸੀਹੀ ਲੋਕਾਂ ਨੂੰ ਇਸ ਪਰਬ ਨੂੰ ਮਨਾਉਣ ਦੀ ਲੋੜ ਨਹੀਂ ਹੈ। ਨਵਾਂ ਨੇਮ ਸਾਨੂੰ ਯਹੂਦੀ ਕਲੰਡਰ ਦੇ ਕਿਸੇ ਪਰਬ ਨੂੰ ਮਨਾਉਣ ਦਾ ਹੁਕਮ ਨਹੀਂ ਦਿੰਦਾ (ਵੇਖੋ ਕੁਲੁੱਸੀਆਂ 2:16, 17)। ਅੱਜ ਸਾਡੇ ਲਈ ਉਨ੍ਹਾਂ ਪਰਬਾਂ ਨਾਲ ਬਹੁਤ ਮੇਲ ਖਾਂਦਾ ''ਪਰਬ'' ਹਰ ਹਫ਼ਤੇ ਦੇ ਪਹਿਲੇ ਦਿਨ ਸਾਡੇ ਵੱਲੋਂ ਮਨਾਇਆ ਜਾਣ ਵਾਲਾ ਪਰਬ ਹੈ, ਜਦ ਅਸੀਂ ਪ੍ਰਭੂ ਭੋਜ ਵਿਚ ਜਿਲਦ ਲੈਣ ਦੌਰਾਨ ਮਸੀਹ ਦੀ ਮੌਤ ਨੂੰ ਯਾਦ ਕਰਨ ਲਈ ਇਕੱਠੇ ਹੁੰਦੇ ਹਾਂ। ਉਸ ਮੌਕੇ ਤੇ, ਅਸੀਂ ਮਸੀਹ ਦੀ ਮੌਤ ਨਾਲ ਪਾਪ ਤੋਂ ਆਪਣੇ ਛੁਟਕਾਰੇ ਨੂੰ ਯਾਦ ਕਰਦੇ ਅਤੇ ਅਨੰਦ ਕਰਦੇ ਹਾਂ (ਮੱਤੀ 22:2)। ਅਸੀਂ ਆਖ ਸਕਦੇ ਹਾਂ ਕਿ ਮਸੀਹੀ ਜ਼ਿੰਦਗੀ ਵੀ ਇਕ ਪਰਬ ਵਾਂਗ ਹੈ ਜਿਸ ਨੂੰ ਅਸੀਂ ਮਿਲ ਕੇ ਮਨਾਉਂਦੇ ਹਾਂ (ਵੇਖੋ ਕਰਤੱਬ 2:44)। ਪੌਲੁਸ ਨੇ ਮਸੀਹੀ ਲੋਕਾਂ ਨੂੰ ਲਿਖਿਆ

''ਉਪਰੰਤ ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ਪਰ ਨਿਜ ਕਰਕੇ ਨਿਹਚਾਵਾਨਾਂ ਦੇ ਨਾਲ'' (ਗਲਾਤੀਆਂ 6:10)।

**ਗਮ ਤੋਂ ਖੁਸ਼ੀ ਵਿਚ** (9:22)

ਅਸਤਰ 9:22 ਆਖਦਾ ਹੈ, ''ਇਹ ਓਹ ਦਿਨ ਸਨ ਜਿਨ੍ਹਾਂ ਵਿਚ ਯਹੂਦੀਆਂ ਨੂੰ ਆਪਣਿਆਂ ਵੈਰੀਆਂ ਤੋਂ ਅਰਾਮ ਮਿਲਿਆ ਅਰ ਇਹ ਮਹੀਨਾ ਓਨ੍ਹਾਂ ਲਈ ਗਮ ਤੋਂ ਖੁਸ਼ੀ ਵਿਚ ਅਰ ਰੋਣ ਪਿੱਟਣ ਤੋਂ ਇਕ ਸ਼ੁਭ ਦਿਨ ਵਿਚ ਬਦਲ ਗਿਆ।'' ''ਗਮ'' ਦੇ ''ਖੁਸ਼ੀ ਵਿਚ'' ਬਦਲ ਜਾਣ ਦਾ ਵਿਚਾਰ ਸਾਨੂੰ ਖ਼ੁਦਾ ਦੇ ਲੋਕਾਂ ਦੀ ਆਖ਼ਰੀ ਫ਼ਤਹਿ ਨੂੰ ਯਾਦ ਦੁਆਉਂਦਾ ਹੈ। ਜਦ ਅਸੀਂ ਸੁਰਗ ਵਿਚ ਜਾਵਾਂਗੇ, ਤਾਂ ਖ਼ੁਦਾ ''[ਸਾਡੀਆਂ] ਅੱਖੀਆਂ ਤੋਂ ਹਰੇਕ ਅੰਝੂ ਪੂੰਝੇਗਾ ਅਤੇ ਹੁਣ ਅਗਾਹਾਂ ਨੂੰ ਮੌਤ ਨਾ ਹੋਵੇਗੀ, ਨਾ ਅਗਾਹਾਂ ਨੂੰ ਸੋਗ ਨਾ ਰੋਣਾ ਨਾ ਦੁਖ ਹੋਵੇਗਾ। ਪਹਿਲੀਆਂ ਗੱਲਾਂ ਜਾਂਦੀਆਂ ਰਹੀਆਂ'' (ਪਰਕਾਸ਼ 21:4)। ਇਹ ਜ਼ਿੰਦਗੀ ਦੁੱਖਾਂ ਨਾਲ ਭਰੀ ਹੋਈ ਹੈ, ਪਰ ਅਸੀਂ ਸਾਰੇ ਖੁਸ਼ੀ ਦੇ ਇਕ ਦਿਨ ਦੀ ਉਡੀਕ ਕਰ ਸਕਦੇ ਹਾਂ। ਭਜਨ ਦੇ ਇਨ੍ਹਾਂ ਸ਼ਬਦਾਂ ਵਿਚ ਅਜਿਹੀ ਉਮੀਦ ਦੀ ਝਲਕ ਮਿਲਦੀ ਹੈ:

> ਅਨੰਦ ਦੀ ਸਵੇਰ ਵਿਚ,
> ਅਨੰਦ ਦੀ ਸਵੇਰ ਵਿਚ,
> ਸਾਨੂੰ ਮਹਿਮਾ ਲਈ ਇਕੱਠੇ ਕੀਤਾ ਜਾਵੇਗਾ
> ਅਨੰਦ ਦੀ ਸਵੇਰ ਵਿਚ।[14]

**ਇਹ ਯਕੀਨੀ ਬਣਾਉਣਾ ਕਿ ਯਾਦ ਜਾਂਦੀ ਨਾ ਰਹੇ** (9:28)

ਯਹੂਦੀਆਂ ਨੂੰ ਪੂਰੀਮ ਦਾ ਪਰਬ ਮਨਾਉਂਦੇ ਰਹਿਣ ਲਈ ਕਿਹਾ ਗਿਆ ਤਾਂ ਜੋ ''ਉਨ੍ਹਾਂ [ਜਿਸ ਨੂੰ ਉਹ ਪਰਬ ਦਰਸਾਉਂਦਾ ਸੀ] ਦੀ ਯਾਦ ਉਨ੍ਹਾਂ ਦੀ ਨਸਲ ਵਿੱਚੋਂ ਜਾਂਦੀ [ਨਾ] ਰਹੇ'' (9:28)। ਇਸੇ ਤਰੀਕੇ ਨਾਲ, ਮਸੀਹੀ ਲੋਕ ਹਰ ਹਫ਼ਤੇ ਪ੍ਰਭੂ ਭੋਜ ਨੂੰ ਮਨਾਉਂਦੇ ਹਨ ਤਾਂ ਜੋ ਸਾਡੇ ਦਿਮਾਗ ਵਿਚ ਉਸ ਸਭ ਦੀ ਯਾਦ ਨਾ ਮਿਟੇ ਜੋ ਯਿਸੂ ਨੇ ਸਾਡੇ ਲਈ ਕੀਤਾ। ਸਾਨੂੰ ਬਾਰ-ਬਾਰ ਇਹ ਯਾਦ ਦੁਆਏ ਜਾਣਾ ਜ਼ਰੂਰੀ ਹੈ ਕਿ ਯਿਸੂ ਨੇ ਸਾਡੇ ਲਈ ਕੀ ਕੀਤਾ ਤਾਂ ਜੋ ਅਸੀਂ ਉਹਦੇ ਨਾਲ ਆਪਣੀ ਵਚਨਬੱਧਤਾ ਨੂੰ ਨਵਿਆਉਂਦੇ ਰਹੀਏ। ਅਸੀਂ ਇਸ ਵਿਚਾਰ ਨੂੰ ਆਪਣੇ ਬੱਚਿਆਂ ਅਤੇ ਦੋਹਤ-ਪੋਤ ਨੂੰ ਸਿਖਾਉਣ ਦੀ ਲੋੜ ਉੱਤੇ ਵੀ ਲਾਗੂ ਕਰ ਸਕੀਏ। ਸਾਨੂੰ ਉਨ੍ਹਾਂ ਨੂੰ ਬਾਰ-ਬਾਰ ਖ਼ੁਦਾ ਦੇ ਵਚਨ ਦੀਆਂ ਉਨ੍ਹਾਂ ਸਚਿਆਈਆਂ ਨੂੰ ਯਾਦ ਕਰਵਾਉਂਦੇ ਰਹਿਣਾ ਜ਼ਰੂਰੀ ਹੈ ਤਾਂ ਜੋ ਉਹ ਉਨ੍ਹਾਂ ਸਚਿਆਈਆਂ ਨੂੰ ਕਦੇ ਨਾ ਭੁੱਲਣ ਜਾਂ ਨਾ ਛੱਡਣ (ਵੇਖੋ ਬਿਵਸਥਾ ਸਾਰ 6:6, 7)।

---

ਟਿੱਪਣੀਆਂ

[1]ਜੌਰਜ ਏ. ਐੱਫ਼. ਨਾਈਟ, *ਅਸਤਰ, ਸਰੇਸ਼ਟ ਗੀਤ, ਲੇਮੈਂਟੇਸ਼ੰਜ਼*, ਟਾਰਚ ਬਾਈਬਲ ਕਮੈਂਟਰੀਜ਼ (ਲੰਡਨ: ਐਸ ਸੀ ਐੱਮ ਪ੍ਰੈੱਸ 1955), 45. ਵੇਖੋ ਬਿਵਸਥਾ ਸਾਰ 32:35, 41, 43; ਯਸਾਯਾਹ 34:8; 35:4; 61:2; 63:4; ਮੀਕਾਹ 5:5; ਰੋਮੀਆਂ 12:19. [2]ਐੱਫ਼. ਬੀ. ਹੁਏ, ਜੂਨੀਅਰ ਦੇ ਇਸ ਵਿਚਾਰ ਦੇ ਉਲਟ ਦੇ ਜਿਸ ਨੇ ਲਿਖਿਆ, ''ਯਹੂਦੀਆਂ ਨੇ ਸਿਰਫ਼ ਆਪਣਾ ਬਚਾਅ ਨਹੀਂ ਕੀਤਾ। ਉਨ੍ਹਾਂ ਨੇ ਉਨ੍ਹਾਂ ਨੂੰ ਜਿਨ੍ਹਾਂ ਤੋਂ ਉਨ੍ਹਾਂ ਨੂੰ ਨੁਕਸਾਨ ਹੋ ਸਕਦਾ ਸੀ ਲੱਭ ਕੇ ਮਾਰ ਦਿੱਤਾ,'' ਯਹੂਦੀ ਸਿਰਫ਼ ਆਪਣਾ ਬਚਾਅ ਕਰਨ ਲਈ ਲੜੇ। (*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ-ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988], 833 ਵਿਚ ਐੱਫ਼.

ਬੀ. ਹੁਏ, ਜੂਨੀਅਰ, ''ਅਸਤਰ।'') [3]ਜੇਮਸ ਬਰਟਨ ਕੌਫ਼ਮੈਨ ਐਂਡ ਥੇਲਮਾ ਬੀ. ਕੌਫ਼ਮੈਨ, *ਕਮੈਂਟਰੀ ਆਨ ਅਸਤਰ, ਨਹਮਯਾਹ ਐਂਡ ਅਸਤਰ* (ਅਬਿਲੇਨ, ਟੈਕਸਸ: ਏਸੀਯੂ ਪ੍ਰੈੱਸ, 1993), 316. [4]ਹਾਮਾਨ ਦਾ ਹੁਕਮ ਪਹਿਲੇ ਮਹੀਨੇ ਦੇ ਵਿਚਕਾਰ ਘੱਲਿਆ ਗਿਆ (3:12), ਅਤੇ ਮਾਰਦਕਈ ਉਸ ਸਮੇਂ ਤੋਂ ਥੋੜ੍ਹੀ ਦੇਰ ਬਾਅਦ ਸੱਤਾ ਵਿਚ ਆ ਗਿਆ (8:1, 2)। [5]ਜੌਇਸ ਜੀ. ਬਾਲਡਵਿਨ ਨੇ ਟਿੱਪਣੀ ਕੀਤੀ, ''ਇਸ ਲੜਾਈ ਵਿਚ ਸਾਰੀਆਂ ਮੌਤਾਂ ਇਕ-ਪਾਸੀ ਹਨ, ਪਰ ਅਸਤਰ ਉੱਤੇ ਲੇਖਾਂ ਦੇ ਉਲਟ ਕਈ ਗੱਲਾਂ ਦੇ ਬਾਵਜੂਦ, ਪੂਰੀ ਅਰੱਖਿਅਤ ਅਬਾਦੀ ਨੂੰ ਨਹੀਂ ਬਲਕਿ ਲੜਨ ਵਾਲੇ ਬੰਦਿਆਂ ਨੂੰ ਧਿਆਨ ਵਿਚ ਰੱਖ ਕੇ ਸੋਚਣਾ ਚਾਹੀਦਾ ਹੈ'' (ਜੌਇਸ ਜੀ. ਬਾਲਡਵਿਨ, *ਅਸਤਰ*, ਦ ਟਿੰਡੇਲ ਓਲਡ ਟੈਸਮਟਾਮੈਂਟ ਕਮੈਂਟਰੀ [ਡਾਉਨਰਜ਼ ਗ੍ਰੋਵ, ਇਲਿਨੋਇਸ: ਇੰਟਰ-ਵਰਸਿਟੀ ਪ੍ਰੈੱਸ, 1984], 104)। [6]ਇਨ੍ਹਾਂ ਨੂੰ 5:4, 8; 7:3 ਵਿਚ ਹੋਰ ਬੇਨਤੀਆਂ ਦੀਆਂ ਭੂਮਿਕਾਵਾਂ ਨਾਲ ਮਿਲਾਓ। [7]ਕੈਰੀ ਏ. ਮੂਰ, *ਅਸਤਰ*, ਦ ਐਂਕਰ ਬਾਈਬਲ, ਜਿਲਦ 7ਬੀ (ਨਿਊ ਯਾਰਕ: ਡਬਲਡੇਅ ਐਂਡ ਕੰ., 1971), 91. [8]ਹੁਏ, 791-92. [9]ਮਾਈਕਲ ਵੀ. ਫੌਕਸ, *ਕਰੈਕਟਰ ਐਂਡ ਆਇਡਿਓਲੋਜੀ ਇਨ ਦ ਬੁਕ ਆਫ਼ ਅਸਤਰ*, ਜਿਲਦ 2ਜੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 2001), 117. [10]ਉੱਥੇ ਹੀ, 118.

[11]ਹੁਏ ਨੇ ਲਿਖਿਆ, ''ਸ਼ਾਇਦ ਆਇਤਾਂ 24, 25 ਵਿਚ ਯਹੂਦੀਆਂ ਦੇ ਨਾਂਅ ਲਿਖੇ ਮਾਰਦਕਈ ਦੇ ਪੱਤਰ ਦਾ ਸਾਰ ਹੈ (ਤੁਲਨਾ 9:20, 23)'' (ਹੁਏ, 836)। [12]ਇਹ ਛੋਟਾ ਵਿਰਤਾਂਤ ਬਾਦਸ਼ਾਹ ਦੀ ਖੁਸ਼ਾਮਦ ਕਰਦਾ ਹੈ, ਤਾਂ ਇਹੀ ਤਰਜ ਬਾਕੀ ਦੀ ਕਿਤਾਬ ਨਾਲ ਮੇਲ ਖਾਂਦੀ ਹੈ। [13]ਬੀ. ਐੱਚ. ਕੈਲੀ, *ਅਸਤਰ ਟੂ ਅੱਯੂਬ*, ਦ ਲੇਮੈਨ'ਸ ਬਾਈਬਲ ਕਮੈਂਟਰੀਜ਼ (ਲੰਡਨ: ਐਸ ਸੀ ਐਮ ਪ੍ਰੈੱਸ, 1962), 49. [14]ਆਰ. ਏ. ਈਵਿਲਸਾਈਜ਼ਰ, ''ਇਨ ਦ ਮੌਰਨਿੰਗ ਆਫ਼ ਜੌਇ,'' *ਸੌਂਗਜ਼ ਆਫ਼ ਫ਼ੇਥ ਐਂਡ ਪ੍ਰੇਜ਼*, ਸੰਕਲਨ ਅਤੇ ਸੰਪਾਦਨ ਆਲਟਨ ਐੱਚ. ਹੌਵਰਡ (ਵੈਸਟ ਮੋਨਰੋ, ਲੁਈਸਿਆਨਾ: ਹੌਵਰਡ ਪਬਲੀਸ਼ਿੰਗ ਕੰ., 1994)।